ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 19*Issue 147 Tuesday, August 04, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Carte Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਮਾਈਗ੍ਰੈਂਟ ਵਰਕਰਜ਼ ਦੀ ਹਾਲਤ ਸੁਧਾਰਨ ਲਈ ਫੈਡਰਲ ਸਰਕਾਰ ਖਰਚੇਗੀ 58.6 ਮਿਲੀਅਨ ਡਾਲਰ



ਓਟਵਾ, 3 ਅਗਸਤ (ਪੋਸਟ ਬਿਊਰੋ) : ਮਾਇਗ੍ਰੈਂਟ ਫਾਰਮ ਵਰਕਰਜ਼ ਦੀ ਹਿਫਾਜ਼ਤ ਲਈ ਸਰਕਾਰ ਵੱਲੋਂ ਬਹੁਤਾ ਕੁੱਝ ਨਹੀਂ ਕੀਤਾ ਗਿਆ। ਇਹ ਤੁਹ-ਮਤਾਂ ਲੱਗਣ ਤੋਂ ਬਾਅਦ ਓਟਵਾ ਸਰਕਾਰ ਵੱਲੋਂ ਖੇਤੀਬਾੜੀ ਇੰਡਸਟਰੀ ਦੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਸਿਹਤ ਤੇ ਸੇਫਟੀ ਵਿੱਚ ਸੁਧਾਰ ਲਈ 58.6 ਮਿਲੀਅਨ ਡਾਲਰ ਖਰਚ ਕੀਤੇ ਜਾਣਗੇ।

ਇਹ ਫੰਡ ਜਾਂਚ ਵਿੱਚ ਵਾਧਾ ਕਰਨ ਤੇ ਹਾਊਸਿੰਗ ਵਿੱਚ ਸੁਧਾਰ ਕਰਨ ਲਈ ਖਰਚੀ ਜਾਵੇਗੀ। ਸਰਕਾਰ ਨੇ ਇਹ ਵੀ ਆਖਿਆ ਕਿ ਉਹ ਕੌਮੀ ਪਧਰ ਉੱਤੇ ਤਾਲਮੇਲ ਵਾਲੀ ਪਹੁੰਚ ਅਪਨਾਉਣ ਲਈ ਆਉਣ ਵਾਲੇ ਮਹੀਨਿਆਂ ਵਿਚ ਪ੍ਰੋਵਿੰਸਾਂ, ਇੰਪਲੌਇਰਜ, ਵਰਕਰਜ਼ ਤੇ ਵਿਦੇਸ਼ੀ ਭਾਈਵਾਲ ਦੇਸ਼ਾਂ ਨਾਲ ਸਲਾਹ ਮਸ਼ਵਰਾ ਕਰੇਗੀ। ਇੰਪਲੌਇਰਜ਼ ਵੱਲੋਂ ਵਰਕਰਜ਼ ਨੂੰ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਅਕਮੋਡੇਸ਼ਨਜ਼ ਵਿੱਚ ਜਿੰਦਗੀ ਗੁਜ਼ਾਰਨ ਦੇ ਬਿਹਤਰ ਹਾਲਾਤ ਹੋਣੇ ਜ਼ਰੂਰੀ ਹੋਣ ਇਹ ਵੀ ਸਰਕਾਰ ਯਕੀਨੀ ਬਣਾਵੇਗੀ।

ਐਡਵੋਕੇਟਸ, ਮੈਡੀਕਲ ਮਾਹਿਰਾਂ ਤੇ ਵਰਕਰਜ਼ ਵੱਲੋਂ ਲੰਮੇ ਸਮੇਂ ਤੋਂ ਰਹਿਣ ਦੇ ਤੇ ਕੰਮ ਕਰਨ ਦੇ ਮਾੜੇ ਹਾਲਾਤ ਦਾ ਜ਼ਿਕਰ ਕੀਤਾ ਜਾਂਦਾ ਰਿਹਾ ਹੈ। ਅਜਿਹੇ ਹਾਲਾਤ ਵਿੱਚ ਵਰਕਰਜ਼ ਦੀ ਸਿਹਤ ਤੇ ਸੇਫਟੀ ਨਾਲ ਖਿਲਵਾੜ ਹੋ ਰਿਹਾ ਹੈ। ਮਹਾਂਮਾਰੀ ਦੇ ਇਸ ਦੌਰ ਵਿੱਚ ਤਾਂ ਇਹ ਹਾਲਾਤ ਹੋਰ ਵੀ ਬਦਤਰ ਹੋ ਗਏ ਹਨ। ਜ਼ਿਕਰਯੋਗ ਹੈ ਕਿ 1300 ਤੋਂ ਵੀ ਵਧ ਮਾਈਗ੍ਰੈਂਟ ਫਾਰਮ ਵਰਕਰਜ਼ ਸਿਰਫ ਓਨਟਾਰੀਓ ਵਿੱਚ ਹੀ ਕੋਵਿਡ-19 ਪਾਜ਼ੀਟਿਵ ਆਏ ਹਨ। ਇਨ੍ਹਾਂ ਵਿੱਚੋਂ ਤਿੰਨ ਦੀ ਮੌਤ ਹੋ ਗਈ ਹੈ- ਇਨ੍ਹਾਂ ਵਿੱਚੋਂ ਇੱਕ ਤਾਂ ਸਿਰਫ 24 ਸਾਲ ਦਾ ਹੀ ਸੀ।

ਇਸ ਸਬੰਧ ਵਿੱਚ ਐਲਾਨ ਕਰਦਿਆਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਅਸੀਂ ਉਨ੍ਹਾਂ ਤ੍ਰਾਸਦੀਆਂ ਵੱਲ ਝਾਤੀ ਮਾਰੀ ਹੈ ਜਿਨ੍ਹਾਂ ਕਾਰਨ ਅਸਥਾਈ ਵਿਦੇਸ਼ੀ ਕਾਮਿਆਂ ਦਾ ਕਾਫੀ ਨੁਕਸਾਨ ਹੋਇਆ ਹੈ। ਟਰੂਡੋ ਨੇ ਆਖਿਆ ਕਿ ਸਾਨੂੰ ਇਸ ਸਬੰਧ ਵਿੱਚ ਬਹੁਤ ਸਾਰੀਆਂ ਤਬਦੀਲੀਆਂ ਕਰਨ ਦੀ ਲੋੜ ਹੈ।

# ਵੂਈ ਚੈਰਿਟੀ ਵਿਵਾਦ ਤੋਂ ਬਾਅਦ ਚੈਰਿਟੀਜ਼ ਨੂੰ ਵਿਸ਼ਵਾਸ ਤੇ ਡੋਨੇਸ਼ਨਜ਼ ਖੁੱਸਣ ਦਾ ਡਰ



ਓਟਵਾ, 3 ਅਗਸਤ (ਪੋਸਟ ਬਿਊਰੋ) : ਬਹੁਤਿਆਂ ਨੂੰ ਲੱਗਦਾ ਸੀ ਕਿ ਗਰਮੀਆਂ ਤੱਕ ਸੱਭ ਨੌਰਮਲ ਹੋ ਜਾਵੇਗਾ ਪਰ ਅਜਿਹਾ ਹੋ ਨਹੀਂ ਸਕਿਆ। ਭਾਵੇਂ ਓਨਟਾਰੀਓ ਦੇ ਬਹੁਤੇ ਹਿੱਸੇ ਤੀਜੇ ਪੜਾਅ ਵਿੱਚ ਦਾਖਲ ਹੋ ਚੁੱਕੇ ਹਨ ਪਰ ਅਜੇ ਵੀ ਹਾਲਾਤ ਪੂਰੀ ਤਰ੍ਹਾਂ ਨੌਰਮਲ ਨਹੀਂ ਹੋਏ। ਇਸ ਮਹਾਂਮਾਰੀ ਤੋਂ ਕਈ ਲੋਕਾਂ ਨੂੰ ਨੁਕਸਾਨ ਹੋਇਆ ਹੈ। ਕੁੱਝ ਬਿਮਾਰ ਪਏ ਅਤੇ ਕੁਝ ਤਾਂ ਮੌਤ ਦੇ ਮੂੰਹ ਜਾ ਪਏ। ਕਈਆਂ ਦੀਆਂ ਨੌਕਰੀਆਂ ਖੁੱਸ ਗਈਆਂ ਤੇ ਉਨ੍ਹਾਂ ਨੂੰ ਕੰਮ ਜਲਦ ਮਿਲਣ ਦੀ ਆਸ ਵੀ ਨਹੀਂ।

ਚੈਰੀਟੇਬਲ ਸੈਕਟਰ-ਜਿਹੜਾ ਫੁੱਲ ਟਾਈਮ ਵਰਕਫੋਰਸ ਦੇ 10 ਫੀ ਸਦੀ ਨੂੰ ਰੋਜ਼ਗਾਰ ਦਿੰਦਾ ਹੈ ਤੇ ਜੀਡੀਪੀ ਵਿੱਚ ਅੱਠ ਫੀ ਸਦੀ ਦੀ ਹਿੱਸੇਦਾਰੀ ਪਾਉਂਦਾ ਹੈ, ਦੀਆਂ ਪੰਜ ਵਿੱਚੋਂ ਇੱਕ ਸੰਸਥਾਵਾਂ ਨੂੰ ਆਪਣੇ ਕੰਮ ਜਾਂ ਤਾਂ ਮੁਲਤਵੀ ਕਰਨੇ ਪੈ ਰਹੇ ਹਨ ਤੇ ਜਾਂ ਫਿਰ ਕੋਵਿਡ-19 ਕਾਰਨ ਆਪਣੇ ਪ੍ਰੋਗਰਾਮ ਰੱਦ ਕਰਨੇ ਪੈ ਰਹੇ ਹਨ। ਕਈ ਚੈਰਿਟੀਜ਼ ਤਾਂ ਆਪਣੇ ਦਰਵਾਜ਼ੇ ਬੰਦ ਕਰ ਚੁੱਕੀਆਂ ਹਨ। ਇਹ ਖੁਲਾਸਾ ਇਮੈਜਿਨ ਕੈਨੇਡਾ ਦੀ ਰਿਪੋਰਟ ਤੋਂ ਹੋਇਆ ਹੈ।

ਇਸ ਰਿਪੋਰਟ ਵਿੱਚ ਇਹ ਵੀ ਪਾਇਆ ਗਿਆ ਕਿ 2008 ਦੇ ਮੰਦਵਾੜੇ ਨਾਲੋਂ ਕੋਵਿਡ-19 ਦਾ ਅਸਰ ਇਨ੍ਹਾਂ ਚੈਰਿਟੀਜ਼ ਉੱਤੇ ਬਹੁਤਾ ਨਕਾਰਾਤਮਕ ਰਿਹਾ ਹੈ। ਦੋ ਤਿਹਾਈ ਚੈਰਿਟੀਜ਼ ਦੀ ਆਮਦਨ ਵਿੱਚ 31 ਫੀ ਸਦੀ ਕਮੀ ਦਰਜ ਕੀਤੀ ਗਈ ਹੈ। ਇਸ ਨਾਲ ਬਹੁਤੇ ਕੈਨੇਡੀਅਨ, ਖਾਸ ਤੌਰ ਉੱਤੇ ਕਮਜ਼ੋਰ ਵਰਗ ਨੂੰ ਕਾਫੀ ਨੁਕਸਾਨ ਹੋਵੇਗਾ।

ਮਹਾਂਮਾਰੀ ਦੀ ਮਾਰ ਸਹਿ ਰਹੀਆਂ ਚੈਰਿਟੀਜ਼ ਨੂੰ ਇੱਕ ਚਿੰਤਾ ਹੋਰ ਸਤਾ ਰਹੀ ਹੈ ਤੇ ਉਹ ਹੈ ਵਿਸ਼ਵਾਸ ਗੁਆਚਣ ਦੀ। ਵੂਈ ਚੈਰਿਟੀ ਵਿਵਾਦ ਤੋਂ ਬਾਅਦ ਲਿਬਰਲ ਸਰਕਾਰ ਵੱਲੋਂ ਇਸ ਚੈਰਿਟੀ ਨਾਲ ਕੀਤੀ ਡੀਲ ਰੱਦ ਕਰਨ ਮਗਰੋਂ ਆਮ ਤੌਰ ਉੱਤੇ ਹੀ ਹੁਣ ਕੈਨੇਡੀਅਨਾਂ ਦਾ ਭਰੋਸਾ ਚੈਰਿਟੀਜ਼ ਵਿੱਚੋਂ ਉਠ ਗਿਆ ਲੱਗਦਾ ਹੈ। ਕੋਵਿਡ-19 ਮਹਾਂਮਾਰੀ ਕਾਰਨ ਇਨ੍ਹਾਂ ਚੈਰਿਟੀਜ਼ ਨੂੰ ਮਿਲਣ ਵਾਲੀ ਡੋਨੇਸ਼ਨ ਪਹਿਲਾਂ ਹੀ ਘੱਟ ਗਈ ਸੀ। ਇਮੈਜਿਨ ਕੈਨੇਡਾ ਦੇ ਚੀਫ ਐਗਜ਼ੈਕਟਿਵ ਬਰੂਸ ਮੈਕਡੌਨਲਡ ਨੇ ਆਖਿਆ ਕਿ ਚੈਰਿਟੀਜ਼ ਨੂੰ ਹੋਣ ਵਾਲੀ 48 ਫੀ ਸਦੀ ਆਮਦਨ ਡੋਨੇਸ਼ਨਜ਼ ਤੋਂ ਹੀ ਹੁੰਦੀ ਹੈ।

ਇੱਕ ਹੋਰ ਚਿੰਤਾ ਇਹ ਵੀ ਹੈ ਕਿ ਸਰਕਾਰਾਂ ਹੁਣ ਚੈਰਿਟੀਜ਼ ਨਾਲ ਭਾਈਵਾਲੀ ਕਰਨ ਤੋਂ ਕਤਰਾਉਣਗੀਆਂ। ਪਰ ਆਈ ਲੀਡ, ਕੈਨੇਡਾ ਹੈਲਪਜ਼ ਨੇ ਇਮੈਜਿਨ ਕੈਨੇਡਾ ਨਾਲ ਰਲ ਕੇ ਕੋਵਿਡ-19 ਚੈਰਿਟੀ ਅਡੈਪਟੇਸ਼ਨ ਐਂਡ ਇਨੋਵੇਸ਼ਨ ਫੰਡ ਲਾਂਚ ਕੀਤਾ ਹੈ। ਜਿਸ ਨਾਲ ਕੈਨੇਡੀਅਨਾਂ ਲਈ 400 ਸੰਸਥਾਵਾਂ ਦੀ ਸਹਾਇਤਾ ਕਰਨੀ ਸੌਖੀ ਹੋ ਸਕੇਗੀ। ਇਸ ਤਰ੍ਹਾਂ ਕੈਨੇਡੀਅਨ ਇਸ ਸੈਕਟਰ ਦੀ ਮਦਦ ਕਰ ਸਕਣਗੇ ਅਤੇ ਅਗਾਂਹ ਚੈਰਿਟੀਜ਼ ਕਮਜ਼ੋਰ ਵਰਗ ਦੀ ਮਦਦ ਕਰ ਸਕਣਗੀਆਂ।

# ਕੋਵਿਡ-19 ਦੌਰਾਨ ਅਚਨਚੇਤੀ ਚੋਣਾਂ ਨਹੀਂ ਚਾਹੁੰਦੇ ਬਹੁਤੇ ਕੈਨੇਡੀਅਨ : ਨੈਨੋਜ਼ ਸਰਵੇ




ਟੋਰਾਂਟੋ, 3 ਅਗਸਤ (ਪੋਸਟ ਬਿਊਰੋ) : ਵੂਈ ਚੈਰਿਟੀ ਮਾਮਲੇ ਕਾਰਨ ਅਚਨਚੇਤੀ ਚੋਣਾਂ ਸਿਰ ਉੱਤੇ ਹੋਣ ਦੇ ਬਾਵਜੂਦ ਬਹੁਤੇ ਕੈਨੇਡੀਅਨ ਮਹਾਂਮਾਰੀ ਦੌਰਾਨ ਚੋਣਾਂ ਦੇ ਹੱਕ ਵਿੱਚ ਨਹੀਂ ਹਨ। ਇਹ ਖੁਲਾਸਾ ਨੈਨੋਜ਼ ਰਿਸਰਚ ਵੱਲੋਂ ਕਰਵਾਏ ਗਏ ਤਾਜ਼ਾ ਸਰਵੇਖਣ ਤੋਂ ਹੋਇਆ ਹੈ।

ਸਰਵੇਖਣ ਵਿੱਚ 1094 ਕੈਨੇਡੀਅਨਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਇਸ ਗੱਲ ਉੱਤੇ ਸਹਿਮਤ ਹਨ ਕਿ ਲਿਬਰਲ ਸਰਕਾਰ ਤੇ ਵਿਰੋਧੀ ਧਿਰਾਂ ਕਿਸੇ ਤਰ੍ਹਾਂ ਇਸ ਘੱਟ ਗਿਣਤੀ ਪਾਰਲੀਆਮੈਂਟ ਨੂੰ ਪਾਰ ਲਾ ਲੈਣ ਤਾਂ ਕਿ ਮਹਾਂਮਾਰੀ ਦਾ ਇਹ ਦੌਰ ਖ਼ਤਮ ਹੋ ਸਕੇ ਤੇ ਜਾਂ ਫਿਰ ਕੋਈ ਵੈਕਸੀਨ ਜਦੋਂ ਤੱਕ ਉਪਲਬਧ ਨਹੀਂ ਹੋ ਜਾਂਦੀ ਉਦੋਂ ਤੱਕ ਚੋਣਾਂ ਦਾ ਰੌਲਾ ਨਾ ਹੀ ਪਾਇਆ ਜਾਵੇ।

ਸਰਵੇਖਣ ਵਿੱਚ ਹਿੱਸਾ ਲੈਣ ਵਾਲਿਆਂ ਵਿੱਚੋਂ 51 ਫੀ ਸਦੀ ਨੇ ਆਖਿਆ ਕਿ ਇਨ੍ਹਾਂ ਹਾਲਾਤ ਵਿੱਚ ਚੋਣਾਂ ਨਹੀਂ ਹੋਣੀਆਂ ਚਾਹੀਦੀਆਂ ਜਦਕਿ ਹੋਰਨਾਂ 20 ਫੀ ਸਦੀ ਦਾ ਕਹਿਣਾ ਸੀ ਕਿ ਉਹ ਕਿਸੇ ਹੱਦ ਤੱਕ ਸਹਿਮਤ ਹਨ। 18 ਫੀ ਸਦੀ ਨੇ ਇਸ ਨਾਲ ਅਸਹਿਮਤੀ ਪ੍ਰਗਟਾਈ। ਬਾਕੀ 10 ਫੀ ਸਦੀ ਨੇ ਆਖਿਆ ਕਿ ਉਹ ਕਿਸੇ ਹੱਦ ਤੱਕ ਸਹਿਮਤ ਨਹੀਂ ਹਨ। ਦੋ ਫੀ ਸਦੀ ਨੂੰ ਇਸ ਬਾਰੇ ਕੁੱਝ ਪੱਕਾ ਨਹੀਂ ਸੀ ਪਤਾ। ਕੰਜ਼ਰਵੇਟਿਵਾਂ ਤੇ ਬਲਾਕ ਕਿਊਬਿਕੁਆ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਵਿੱਤ ਮੰਤਰੀ ਬਿੱਲ ਮੌਰਨਿਊ ਦੇ ਅਸਤੀਫੇ ਦੀ ਮੰਗ ਕੀਤੀ ਜਾ ਰਹੀ ਹੈ। ਇਨ੍ਹਾਂ ਪਾਰਟੀਆਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਦੋਵਾਂ ਆਗੂਆਂ ਵੱਲੋਂ ਮੰਗੀਆਂ ਗਈਆਂ ਮੁਆਫੀਆਂ ਕਾਫੀ ਨਹੀਂ ਹਨ। ਬਲਾਕ ਕਿਊਬਿਕੁਆ ਦੇ ਆਗੂ ਯਵੇਸ ਫਰੈਂਕੋਇਸ ਬਲਾਂਸ਼ੇ ਨੇ ਪਿਛਲੇ ਹਫਤੇ ਆਖਿਆ ਸੀ ਕਿ ਸਤੰਬਰ ਦੇ ਅੰਤ ਵਿੱਚ ਜਦੋਂ ਹਾਊਸ ਆਫ ਕਾਮਨਜ਼ ਦੀ ਕਾਰਵਾਈ ਸ਼ੁਰੂ ਹੋਵੇਗੀ ਤਾਂ ਉਨ੍ਹਾਂ ਦੀ ਪਾਰਟੀ ਕਿਊਬਿਕ ਵਾਸੀਆਂ ਨਾਲ ਸਲਾਹ ਕਰਕੇ ਸਰਕਾਰ ਖਿਲਾਫ ਬੇਭਰੋਸਗੀ ਮਤਾ ਲਿਆਵੇਗੀ। ਇੱਥੇ ਦੱਸਣਾ ਬਣਦਾ ਹੈ ਕਿ ਜੇ ਬੇਭਰੋਸਗੀ ਮਤਾ ਪੇਸ਼ ਹੁੰਦਾ ਹੈ ਤੇ ਲਿਬਰਲ ਹਾਰ ਜਾਂਦੇ ਹਨ ਤਾਂ ਫੈਡਰਲ ਚੋਣਾਂ ਯਕੀਨਨ ਹੋਣਗੀਆਂ।

ਪਰ ਅਜੋਕੇ ਮਾਹੌਲ ਵਿੱਚ ਕੈਨੇਡੀਅਨਾਂ ਦਾ ਚੋਣਾਂ ਕਰਵਾਉਣ ਦਾ ਕੋਈ ਇਰਾਦਾ ਨਹੀਂ ਲੱਗਦਾ। ਪਰ ਕੈਨੇਡੀਅਨ ਇਹ ਜ਼ਰੂਰ ਚਾਹੁੰਦੇ ਹਨ ਕਿ ਵੂਈ ਚੈਰਿਟੀ ਮਾਮਲੇ ਦੀ ਜਾਂਚ ਜ਼ਰੂਰ ਸਹੀ ਢੰਗ ਨਾਲ ਹੋਵੇ।

# ਗਾਰਡੀਨਰ ਐਕਸਪ੍ਰੈਸਵੇਅ ਉੱਤੇ ਚੱਲੀਆਂ ਗੋਲੀਆਂ



ਓਨਟਾਰੀਓ, 3 ਅਗਸਤ (ਪੋਸਟ ਬਿਊਰੋ) : ਸੋਮਵਾਰ ਸਵੇਰੇ ਗਾਰਡੀਨਰ ਐਕਸਪ੍ਰੈਸਵੇਅ ਉੱਤੇ ਗੋਲੀਆਂ ਚੱਲਣ ਦੀਆਂ ਮਿਲ ਰਹੀਆਂ ਰਿਪੋਰਟਾਂ ਤੋਂ ਬਾਅਦ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਘਟਨਾ ਸਪੈਡੀਨਾ ਐਵਨਿਊ ਨੇੜੇ ਸਵੇਰੇ 6:00 ਵਜੇ ਵਾਪਰੀ। ਪੁਲਿਸ ਨੇ ਦੱਸਿਆ ਕਿ ਇਹ ਗੋਲੀਆਂ ਕਿਸੇ ਗੱਡੀ ਵਿੱਚੋਂ ਚਲਾਈਆਂ ਦੱਸੀਆਂ ਜਾਂਦੀਆਂ ਹਨ। ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ। ਕਈ ਘੰਟਿਆਂ ਤੱਕ ਸਪੈਡੀਨਾ ਉੱਤੇ ਗਾਰਡੀਨਰ ਲਾਗੇ ਟਰੈਫਿਕ ਬੰਦ ਰਿਹਾ ਜਦਕਿ ਪੁਲਿਸ ਅਜੇ ਵੀ ਮਾਮਲੇ ਦੀ ਜਾਂਚ ਕਰ ਰਹੀ ਹੈ। ਲੇਨਜ਼ ਸਵੇਰੇ 10:30 ਵਜੇ ਖੁੱਲ੍ਹੀਆਂ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

You can Place Your Business Here (905)793-2202
To Reach Wider Audience

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ਨਵਾਂ ਘਾਹ ਲਵਾਉ | 647-784-1213 www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill Certified & Licensed Exterminator

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL (Government Approved Licensed Technician)
416 938 4598


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

# ਅਫਗਾਨਿਸਤਾਨ ਦੀ ਜੇਲ੍ਹ ਉੱਤੇ ਆਈ. ਐੱਸ. ਨੇ ਕੀਤਾ ਹਮਲਾ, 21 ਹਲਾਕ

ਜਲਾਲਾਬਾਦ, ਅਫਗਾਨਿਸਤਾਨ, 3 ਅਗਸਤ (ਪੋਸਟ ਬਿਊਰੋ) : ਇਸਲਾਮਿਕ ਸਟੇਟ ਗਰੁੱਪ ਵੱਲੋਂ ਪੂਰਬੀ ਅਫਗਾਨਿਸਤਾਨ ਵਿੱਚ ਇੱਕ ਜੇਲ੍ਹ ਉੱਤੇ ਕੀਤੇ ਗਏ ਹਮਲੇ ਵਿੱਚ 21 ਵਿਅਕਤੀ ਮਾਰੇ ਗਏ। ਇਹ ਜਾਣਕਾਰੀ ਲੋਕਲ ਅਧਿਕਾਰੀਆਂ ਨੇ ਦਿੱਤੀ।

ਇਸ ਹਮਲੇ ਵਿੱਚ 43 ਹੋਰ ਲੋਕ ਜ਼ਖ਼ਮੀ ਹੋ ਗਏ। ਇਹ ਹਮਲਾ ਕੱਲ੍ਹ ਉਸ ਸਮੇਂ ਕੀਤਾ ਗਿਆ ਜਦੋਂ ਇਸਲਾਮਿਕ ਸਟੇਟ ਦਾ ਆਤਮਘਾਤੀ ਬੰਬਾਰ ਆਪਣੀ ਧਮਾਕਾਖੇਜ਼ ਸਮੱਗਰੀ ਨਾਲ ਭਰੀ ਗੱਡੀ ਲੈ ਕੇ ਜਲਾਲਾਬਾਦ ਦੀ ਜੇਲ੍ਹ ਦੀ ਐਂਟਰੈਂਸ ਉੱਤੇ ਜਾ ਪਹੁੰਚਿਆ ਤੇ ਧਮਾਕਾ ਕਰ ਦਿੱਤਾ। ਇਸ ਤੋਂ ਬਾਅਦ ਕਾਬੁਲ ਤੋਂ 115 ਕਿਲੋਮੀਟਰ ਪੂਰਬ ਵੱਲ ਨਾਨਗਰਹਾਰ ਪ੍ਰੋਵਿੰਸ ਵਿੱਚ ਸਥਿਤ ਇਸ ਜੇਲ੍ਹ ਉੱਤੇ ਅੱਤਵਾਦੀਆਂ ਨੇ ਫਾਇਰਿੰਗ ਸ਼ੁਰੂ ਕਰ ਦਿੱਤੀ।



ਮਰਨ ਵਾਲਿਆਂ ਵਿੱਚ ਆਮ ਨਾਗਰਿਕ, ਕੈਦੀ, ਗਾਰਡ ਤੇ ਅਫਗਾਨ ਸਕਿਊਰਿਟੀ ਸੈਨਾਵਾਂ ਦੇ ਮੈਂਬਰ ਸ਼ਾਮਲ ਸਨ। ਅਧਿਕਾਰੀਆਂ ਨੇ ਦੱਸਿਆ ਕਿ ਕਈ ਅੱਤਵਾਦੀ ਨੇੜਲੇ ਰਿਹਾਇਸ਼ੀ ਕਾਂਪਲੈਕਸ ਵਿੱਚ ਜਾ ਵੜੇ ਤੇ ਉਨ੍ਹਾਂ ਨੂੰ ਉੱਥੋਂ ਕੱਢਣਾ ਹੋਰ ਵੀ ਔਖਾ ਹੋ ਗਿਆ। ਅਫਗਾਨ ਸਕਿਊਰਿਟੀ ਐਂਡ ਡਿਫੈਂਸ ਫੋਰਸ ਦੇ ਕਰਮਚਾਰੀਆਂ ਨੇ ਹਥਿਆਰਬੰਦ ਗੱਡੀਆਂ ਵਿੱਚ ਜਲਾਲਾਬਾਦ ਦੇ ਐਨ ਵਿਚਕਾਰ ਮੌਜੂਦ ਜੇਲ੍ਹ ਨੂੰ ਘੇਰਾ ਪਾ ਲਿਆ। ਇਹ ਥਾਂ ਗਵਰਨਰ ਦੇ ਆਫਿਸ ਤੋਂ 700 ਮੀਟਰ ਦੀ ਦੂਰੀ ਉੱਤੇ ਸਥਿਤ ਹੈ। ਖਬਰ ਲਿਖੇ ਜਾਣ ਤੱਕ ਸੈਨਿਕ ਸਥਾਨਕ ਵਾਸੀਆਂ ਨੂੰ ਇਲਾਕੇ ਵਿੱਚੋਂ ਕੱਢਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਅਜੇ ਵੀ ਆ ਰਹੀਆਂ ਸਨ।

ਹਮਲੇ ਦੀ ਜ਼ਿੰਮੇਵਾਰੀ ਖੋਰਾਸਾਂ ਪ੍ਰੋਵਿੰਸ ਵਿੱਚ ਆਈਐਸ ਵਜੋਂ ਮਸ਼ਹੂਰ ਤੇ ਅਫਗਾਨਿਸਤਾਨ ਵਿੱਚ ਇਸਲਾਮਿਕ ਸਟੇਟ ਗਰੁੱਪ ਨਾਲ ਜੁੜੇ ਗਰੁੱਪ ਵੱਲੋਂ ਲਈ ਗਈ ਹੈ। ਹਮਲੇ ਦਾ ਕਾਰਨ ਅਜੇ ਤੱਕ ਸਪਸ਼ਟ ਨਹੀਂ ਹੋ ਸਕਿਆ ਹੈ।

# ਕਲਾਸਾਂ ਦਾ ਆਕਾਰ ਘਟਾਉਣ ਲਈ ਮਾਪਿਆਂ ਨੇ ਸਰਕਾਰ ਤੋਂ ਕੀਤੀ ਮੰਗ

## ਹਜ਼ਾਰਾਂ ਨੇ ਸਾਈਨ ਕੀਤੀ ਪਟੀਸ਼ਨ

ਓਨਟਾਰੀਓ, 3 ਅਗਸਤ (ਪੋਸਟ ਬਿਊਰੋ) : ਮਾਪਿਆਂ ਨੂੰ ਲੱਗ ਰਿਹਾ ਹੈ ਕਿ ਓਨਟਾਰੀਓ ਸਰਕਾਰ ਵੱਲੋਂ ਐਲੀਮੈਂਟਰੀ ਵਿਦਿਆਰਥੀਆਂ ਲਈ ਕਲਾਸਾਂ ਦਾ ਆਕਾਰ ਘਟਾਉਣ ਤੋਂ ਬਿਨਾਂ ਹੀ ਸਕੂਲ ਖੋਲ੍ਹਣ ਦੀ ਕੀਤੀ ਜਾ ਰਹੀ ਤਿਆਰੀ ਬਹੁਤ ਹੀ ਨਿਰਾਸ਼ਾਜਨਕ ਤੇ ਪਰੇਸ਼ਾਨ ਕਰਨ ਵਾਲਾ ਫੈਸਲਾ ਹੈ।



ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਲਈ ਟੀਚਰ-ਲਾਇਬ੍ਰੇਰੀਅਨ ਕੈਲੀ ਇਗਰਜ਼ ਨੇ ਆਖਿਆ ਕਿ ਭੀੜ ਭਾੜ ਵਾਲੀਆਂ ਕਲਾਸਾਂ ਵਿੱਚ ਸੋਸ਼ਲ ਡਿਸਟੈਂਸਿੰਗ ਵਾਲੇ ਨਿਯਮ ਦੀ ਪਾਲਣਾ ਕਰਨਾ ਅਸੰਭਵ ਹੈ। ਸ਼ਨਿੱਚਰਵਾਰ ਨੂੰ ਉਸ ਵੱਲੋਂ ਇੱਕ ਪਟੀਸ਼ਨ ਸ਼ੁਰੂ ਕੀਤੀ ਗਈ ਜਿਸ ਵਿੱਚ ਓਨਟਾਰੀਓ ਸਰਕਾਰ ਤੋਂ ਕਲਾਸਾਂ ਦਾ ਆਕਾਰ ਘਟਾਉਣ ਦੀ ਮੰਗ ਕੀਤੀ ਗਈ। ਸੋਮਵਾਰ ਸ਼ਾਮ ਤੱਕ 65000 ਲੋਕਾਂ ਵੱਲੋਂ ਇਸ ਪਟੀਸ਼ਨ ਉੱਤੇ ਸਾਈਨ ਕੀਤੇ ਜਾ ਚੁੱਕੇ ਸਨ।

ਇਗਰਜ਼ ਨੇ ਆਖਿਆ ਕਿ ਡਰ ਇਸ ਗੱਲ ਦਾ ਹੈ ਕਿ ਸਕੂਲਾਂ ਵਿੱਚ ਫਿਜ਼ੀਕਲ ਡਿਸਟੈਂਸਿੰਗ ਨਾ ਹੋਣ ਕਾਰਨ ਕਰੋਨਾਵਾਇਰਸ ਆਊਟਬ੍ਰੇਕਸ ਹੋ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਬੱਚਾ ਸਤੰਬਰ ਵਿੱਚ ਜੂਨੀਅਰ ਕਿੰਡਰਗਾਰਟਨ ਵਿੱਚ ਦਾਖਲ ਹੋਣ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਤਰ੍ਹਾਂ ਅਸੁਰੱਖਿਅਤ, ਗੈਰ-ਜ਼ਿੰਮੇਵਰਾਨਾ ਪਲੈਨ ਅਸੀਂ ਸਵੀਕਾਰ ਨਹੀਂ ਕਰ ਸਕਦੇ।

ਜ਼ਿਕਰਯੋਗ ਹੈ ਕਿ ਪਿਛਲੇ ਹਫਤੇ ਪ੍ਰੀਮੀਅਰ ਡੱਗ ਫੋਰਡ ਤੇ ਸਿੱਖਿਆ ਮੰਤਰੀ ਸਟੀਫਨ ਲਿਚੇ ਨੇ ਇਸ ਸਤੰਬਰ ਵਿੱਚ ਪ੍ਰੋਵਿੰਸ ਭਰ ਵਿੱਚ ਐਲੀਮੈਂਟਰੀ ਵਿਦਿਆਰਥੀਆਂ ਦੇ ਫੁੱਲ ਟਾਈਮ ਸਕੂਲ ਪਰਤਣ ਦੀ ਯੋਜਨਾ ਦਾ ਐਲਾਨ ਕੀਤਾ ਸੀ। ਇਸ ਦੇ ਨਾਲ ਹੀ ਵੱਡੇ ਸਕੂਲ ਬੋਰਡਜ਼ ਵਿੱਚ ਸੈਕੰਡਰੀ ਵਿਦਿਆਰਥੀਆਂ ਦੇ ਪਾਰਟ ਟਾਈਮ ਸ਼ਡਿਊਲ ਦਾ ਵੀ ਐਲਾਨ ਕੀਤਾ ਗਿਆ ਸੀ।

ਸਰਕਾਰ ਵੱਲੋਂ ਗ੍ਰੇਡ 4 ਦੇ ਵਿਦਿਆਰਥੀਆਂ ਲਈ ਲਾਜ਼ਮੀ ਫੇਸ ਮਾਸਕ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਨਾਲ ਹੀ ਐਜੂਕੇਟਰਜ਼, ਅਡੀਸ਼ਨਲ ਸਟਾਫ ਪਰਸਨਲ ਪ੍ਰੋਟੈਕਟਿਵ ਇਕਿਉਪਮੈਂਟ ਅਤੇ ਕਲੀਨਿੰਗ ਸਪਲਾਈਜ਼ ਉੱਤੇ ਸਰਕਾਰ ਨੇ 309 ਮਿਲੀਅਨ ਡਾਲਰ ਖਰਚਣ ਦਾ ਵੀ ਐਲਾਨ ਕੀਤਾ ਸੀ। ਪਰ ਕਲਾਸਾਂ ਦਾ ਆਕਾਰ ਘਟਾਉਣਾ ਸਰਕਾਰ ਦੀ ਯੋਜਨਾ ਦਾ ਹਿੱਸਾ ਨਹੀਂ ਸੀ।

# ਓਟਵਾ ਰਿਵਰ ’ਚੋ ਮਿਲੀ ਇੱਕ ਵਿਅਕਤੀ ਦੀ ਲਾਸ਼

ਓਟਵਾ, 3 ਅਗਸਤ (ਪੋਸਟ ਬਿਊਰੋ) : ਕੈਨੇਡੀਅਨ ਵਾਰ ਮਿਊਜ਼ੀਅਮ ਲਾਗੇ ਓਟਵਾ ਰਿਵਰ ਵਿੱਚੋਂ ਲਾਸ਼ ਮਿਲਣ ਤੋਂ ਬਾਅਦ ਓਟਵਾ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਪੁਲਿਸ ਵੱਲੋਂ ਇਸ ਮਾਮਲੇ ਦੇ ਸਬੰਧ ਵਿੱਚ ਬਹੁਤੇ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ। ਸ਼ੁੱਕਰਵਾਰ ਸ਼ਾਮ ਨੂੰ ਬੇਟ ਆਈਲੈਂਡ ਕੋਲ ਦੋ ਵਿਅਕਤੀਆਂ ਦੇ ਲਾਪਤਾ ਹੋਣ ਤੋਂ ਤਿੰਨ ਦਿਨ ਬਾਅਦ ਇਹ ਲਾਸ਼ ਮਿਲੀ ਹੈ। ਲਾਪਤਾ ਵਿਅਕਤੀਆਂ ਦੀ ਭਾਲ ਉਸੇ ਦਿਨ ਹੀ ਸ਼ੁਰੂ ਕਰ ਦਿੱਤੀ ਗਈ ਸੀ। ਸ਼ੁੱਕਰਵਾਰ ਨੂੰ ਅੱਧੀ ਰਾਤ ਦੇ ਨੇੜੇ ਤੇੜੇ ਸਰਚ ਟੀਮਾਂ ਤੇ ਗੋਤਾਖੋਰਾਂ ਨੂੰ ਇੱਕ ਵਿਅਕਤੀ ਦੀ ਲਾਸ਼ ਮਿਲ ਗਈ ਸੀ।



ਅਜੇ ਤੱਕ ਪੁਲਿਸ ਵੱਲੋਂ ਦੋਵਾਂ ਵਿਅਕਤੀਆਂ ਵਿੱਚੋਂ ਕਿਸੇ ਇੱਕ ਦੇ ਵੀ ਨਾਂ ਜਾਂ ਉਮਰ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਗਿਆ ਹੈ। ਪੁਲਿਸ ਨੇ ਆਖਿਆ ਕਿ ਇਸ ਜਾਣਕਾਰੀ ਨੂੰ ਸਾਂਝਾ ਕਰਨ ਲਈ ਉਹ ਦੂਜੇ ਵਿਅਕਤੀ ਦੀ ਭਾਲ ਪੂਰੀ ਕਰ ਲੈਣੀ ਚਾਹੁੰਦੇ ਸਨ।

# ਬਸ ਕਾਰ ਦੀ ਟੱਕਰ ਵਿੱਚ 2 ਜ਼ਖ਼ਮੀ

ਟੋਰਾਂਟੋ, 3 ਅਗਸਤ (ਪੋਸਟ ਬਿਊਰੋ) : ਕੱਲ੍ਹ ਸ਼ਾਮ ਨੂੰ ਇੱਕ ਬੱਸ ਅਤੇ ਕਾਰ ਵਿਚਾਲੇ ਹੋਈ ਟੱਕਰ ਵਿੱਚ ਇੱਕ ਬੱਚਾ ਅਤੇ ਮਹਿਲਾ ਜ਼ਖ਼ਮੀ ਹੋ ਗਏ। ਇਸ ਮਾਮਲੇ ਦੀ ਜਾਂਚ ਪੁਲਿਸ ਵੱਲੋਂ ਕੀਤੀ ਜਾ ਰਹੀ ਹੈ।

ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਐਲਨ ਰੋਡ ਤੇ ਕੇਨਾਰਡ ਐਵਨਿਊ ਇਲਾਕੇ ਵਿੱਚ ਸ਼ਾਮੀਂ 6:10 ਉੱਤੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਉਨ੍ਹਾਂ ਨੇ ਗੰਭੀਰ ਜ਼ਖਮੀ ਹਾਲਤ ਵਿੱਚ ਇੱਕ ਮਹਿਲਾ ਤੇ ਬੱਚੇ ਨੂੰ ਹਸਪਤਾਲ ਦਾਖਲ ਕਰਵਾਇਆ।



ਮੁੱਢਲੀਆ ਖਬਰਾਂ ਅਨੁਸਾਰ ਗੱਡੀ ਦਾ ਮੂਹਰਲਾ ਹਿੱਸਾ ਬੱਸ ਦੇ ਹੇਠਾਂ ਆ ਗਿਆ ਪਰ ਪੁਲਿਸ ਨੇ ਦੱਸਿਆ ਕਿ ਮਾਮਲਾ ਅਜੇ ਵੀ ਜਾਂਚ ਅਧੀਨ ਹੈ। ਐਲਨ ਰੋਡ ਦਾ ਕੁੱਝ ਹਿੱਸਾ ਹਾਲ ਦੀ ਘੜੀ ਬੰਦ ਹੈ ਤੇ ਥਾਂ ਨੂੰ ਸਾਫ ਕੀਤਾ ਜਾ ਰਿਹਾ ਹੈ।

# ਸਕੂਲਾਂ ਵਿੱਚ ਐਂਟੀ ਬਲੈਕ ਨਸਲਵਾਦ ਖ਼ਤਮ ਕਰਨ ਦੀ ਮੰਗ ਨੂੰ ਲੈ ਕੇ ਸੈਂਕੜੇ ਲੋਕਾਂ ਨੇ ਕੀਤਾ ਮਾਰਚ

ਟੋਰਾਂਟੋ, 3 ਅਗਸਤ (ਪੋਸਟ ਬਿਊਰੋ) : ਸਕੂਲਾਂ ਵਿੱਚ ਐਂਟੀ ਬਲੈਕ ਨਸਲਵਾਦ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਸੈਂਕੜੇ ਲੋਕਾਂ ਨੇ ਸੋਮਵਾਰ ਨੂੰ ਡਾਊਨਟਾਊਨ ਟੋਰਾਂਟੋ ਦੀਆਂ ਸੜਕਾਂ ਉੱਤੇ ਮਾਰਚ ਕੀਤਾ।

ਪੇਰੈਂਟਸ ਆਫ ਬਲੈਕ ਚਿਲਡਰਨ ਤੇ ਵਾਅਨ ਐਫਰੀਕਨ ਕੈਨੇਡੀਅਨ ਐਸੋਸਿਏਸ਼ਨ ਵੱਲੋਂ ਆਯੋਜਿਤ ਇਹ ਮਾਰਚ ਦੁਪਹਿਰੇ 2:00 ਵਜੇ ਨਥਾਨ ਫਿਲਿਪਜ਼ ਸਕੁਏਅਰ ਉੱਤੇ ਸ਼ੁਰੂ ਹੋਇਆ। ਫਿਰ ਯੂਨੀਵਰਸਿਟੀ ਐਵਨਿਊ ਤੋਂ ਹੁੰਦਾ ਹੋਇਆ ਇਹ ਮਾਰਚ ਕੁਈਨਜ਼ ਪਾਰਕ ਵੱਲ ਵਧਿਆ। ਇਸ ਦੌਰਾਨ ਲੋਕਾਂ ਨੇ-ਬਲੈਕ ਹੋਣ ਉਤੇ ਮਾਣ ਹੈ,ਨਸਲੀ ਸੋਚ ਰੱਖਣ ਵਾਲੇ ਅਧਿਆਪਕਾਂ ਨੂੰ ਜਾਣਾ ਹੋਵੇਗਾ, ਇਨਸਾਫ ਤੋਂ ਬਿਨਾਂ ਸ਼ਾਂਤੀ ਨਹੀਂ, ਬਲੈਕ ਯੂਥ ਮੈਟਰ, ਵਰਗੇ ਸਾਈਨ ਬੋਰਡ ਚੁੱਕੇ ਹੋਏ ਸਨ।



ਮਾਰਚ ਦੇ ਪ੍ਰਬੰਧਕਾਂ ਨੇ ਆਖਿਆ ਕਿ ਗ੍ਰੇਡ 9 ਵਿੱਚ ਐਕੇਡੈਮਿਕ ਸਕ੍ਰੀਨਿੰਗ ਖਤਮ ਕਰਨ ਤੇ ਕਿੰਡਰਗਾਰਟਨ ਤੋਂ ਗ੍ਰੇਡ 3 ਦੇ ਵਿਦਿਆਰਥੀਆਂ ਲਈ ਡਿਸਕ੍ਰੀਸ਼ਨਰੀ ਸਸਪੈਂਸ਼ਨ ਦੇ ਖਾਤਮੇ ਕਾਰਨ ਪ੍ਰਤੀਕਿਰਿਆ ਵਜੋਂ ਵੀ ਇਹ ਮਾਰਚ ਕੀਤਾ ਗਿਆ। ਪ੍ਰਬੰਧਕਾਂ ਨੇ ਆਖਿਆ ਕਿ ਭਾਵੇਂ ਇਹ ਤਬਦੀਲੀਆਂ ਕਾਰਗਰ ਹਨ ਪਰ ਇਹ ਬਹੁਤਾ ਚਿਰ ਨਹੀਂ ਚੱਲ ਸਕਣਗੀਆਂ।

ਇਸ ਦੌਰਾਨ ਲੋਕਾਂ ਨੇ ਐਜੂਕੇਸ਼ਨ ਐਕਟ ਵਿੱਚ ਸੋਧ ਕਰਕੇ ਬਲੈਕ ਹਿਸਟਰੀ ਨੂੰ ਪਾਠਕ੍ਰਮ ਵਿੱਚ ਸ਼ਾਮਲ ਕਰਨ ਦੀ ਮੰਗ ਵੀ ਕੀਤੀ। ਇਸ ਦੇ ਨਾਲ ਹੀ ਨਸਲੀ ਅਧਾਰ ਉੱਤੇ ਪੱਖਪਾਤ ਕਰਨ ਵਾਲੇ ਅਧਿਆਪਕਾਂ ਦੀ ਛੁੱਟੀ ਕਰਨ ਦੀ ਮੰਗ ਵੀ ਰੱਖੀ।

## ਬੰਦੂਕ ਦੀ ਨੋਕ ਉੱਤੇ ਕਾਰ ਜੈਕਿੰਗ ਕਰਨ ਵਾਲੇ 2 ਮਸ਼ਕੂਕ ਕਾਬੂ, 2 ਫਰਾਰ

ਟੋਰਾਂਟੋ, 3 ਅਗਸਤ (ਪੋਸਟ ਬਿਊਰੋ) : ਸੋਮਵਾਰ ਅੱਧੀ ਰਾਤ ਨੂੰ ਹਥਿਆਰਾਂ ਨਾਲ ਕਾਰਜੈਕਿੰਗ ਦੀ ਕੋਸ਼ਿਸ਼ ਕਰਨ ਵਾਲੇ ਦੋ ਵਿਅਕਤੀਆਂ ਨੂੰ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਜਦਕਿ ਦੋ ਮਸ਼ਕੂਕ ਫਰਾਰ ਹਨ। ਟੋਰਾਂਟੋ ਪੁਲਿਸ ਨੇ ਆਖਿਆ ਕਿ ਚਾਰ ਵਿਅਕਤੀਆਂ ਦੇ ਇੱਕ ਗਰੁੱਪ ਵੱਲੋਂ ਡਫਰਿਨ ਸਟਰੀਟ ਤੇ ਯੌਰਕਡੇਲ ਰੋਡ ਨੇੜੇ ਬੰਦੂਕ ਦੀ ਨੋਕ ਉੱਤੇ ਕਾਲੇ ਰੰਗ ਦੀ ਰੇਂਜ ਰੋਵਰ ਨੂੰ ਅਗਵਾ ਕਰ ਲਿਆ ਗਿਆ। ਟੋਰ-ਾਂਟੋ ਪੁਲਿਸ ਨੇ ਦੱਸਿਆ ਕਿ ਦੋ ਵਿਅਕਤੀ ਗੱਡੀ ਚੋਰੀ ਕਰਕੇ ਫਰਾਰ ਹੋ ਗਏ ਜਦਕਿ ਦੋ ਹੋਰ ਕਾਲੇ ਰੰਗ ਦੀ ਕੀਆ ਵਿੱਚ ਬਚ ਨਿਕਲੇ।

ਪੁਲਿਸ ਅਨੁਸਾਰ ਅਧਿਕਾਰੀਆਂ ਵੱਲੋਂ ਮਸ਼ਕੂਕਾਂ ਦਾ ਉਦੋਂ ਤੱਕ ਪਿੱਛਾ ਕੀਤਾ ਗਿਆ ਜਦੋਂ ਤੱਕ ਉਹ ਫੇਅਰਵਿਊ ਮਾਲ ਲਾਗੇ ਗੱਡੀ ਨਹੀ ਛੱਡ ਗਏ। ਫਿਰ ਮਸ਼ਕੂਕ ਉੱਥੋਂ ਪੈਦਲ ਹੀ ਭੱਜ ਨਿਕਲੇ। ਪੁਲਿਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ। ਪੁਲਿਸ ਅਜੇ ਵੀ ਕਾਲੇ ਰੰਗ ਦੀ ਕੀਆ ਲੈ ਕੇ ਫਰਾਰ ਹੋਏ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated

19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6

Emergency Contact: 416.910.5676
www.shergilllawfirm.ca

# ਪੰਜਾਬ ਦੇ ਦੋ ਪਾਰਲੀਮੈਂਟ ਮੈਂਬਰਾਂ ਨੇ ਆਪਣੀ ਹੀ ਸਰਕਾਰ ਖਿਲਾਫ ਮੋਰਚਾ ਖੋਲ੍ਹਿਆ

### * ਬਾਜਵਾ ਤੇ ਦੂਲੋ ਵੱਲੋਂ ਕੈਪਟਨ ਵਿਰੁੱਧ ਗਵਰਨਰ ਨੂੰ ਮੰਗ ਪੱਤਰ ਪੇਸ਼

ਚੰਡੀਗੜ੍ਹ, 3 ਅਗਸਤ, (ਪੋਸਟ ਬਿਊਰੋ)- ਪੰਜਾਬ ਵਿੱਚ ਨਕਲੀ ਅਤੇ ਜ਼ਹਿਰੀਲੀ ਸ਼ਰਾਬ ਨਾਲ ਹੋਈਆਂ ਸੌਤੋਂ ਵੱਧ ਮੌਤਾਂ ਦੇ ਕੇਸ ਵਿੱਚ ਅੱਜ ਕਾਂਗਰਸ ਪਾਰਟੀ ਦੇ ਦੋ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਤੇ ਸ਼ਮਸ਼ੇਰ ਸਿੰਘਦੂਲੋ ਪੰਜਾਬ ਦੇ ਗਵਰਨਰ ਨੂੰ ਮਿਲੇ ਅਤੇ ਇਸ ਮਾਮਲੇ ਦੀ ਸੀ ਬੀ ਆਈ ਜਾਂਚ ਕਰਵਾਉਣ ਦੀ ਮੰਗ ਕਰ ਦਿੱਤੀ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿਮੈਂ ਤੇ ਸ਼ਮਸ਼ੇਰ ਸਿੰਘ ਦੂਲੋ ਪਿਛਲੇ 3 ਸਾਲਾਂਤੋਂ ਲਗਾਤਾਰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੰਜਾਬ ਦੇ ਹਰ ਮੁੱਦੇ ਅਤੇ ਮਸਲੇ ਉੱਤੇ ਚਿੱਠੀ ਲਿਖ ਰਹੇ ਹਾਂ, ਪਰ ਕੈਪਟਨ ਸਾਹਿਬ ਇਹੋ ਕਹਿੰਦੇ ਹਨ ਕਿ ਉਨ੍ਹਾਂ ਨੂੰ ਚਿੱਠੀ ਨਹੀਂ ਮਿਲੀ ਤੇ ਜੇ ਮਿਲ ਵੀ ਜਾਂਦੀ ਤਾਂ ਜਵਾਬ ਨਾ ਦਿੰਦਾ। ਬਾਜਵਾ ਨੇ ਕਿਹਾ ਕਿ ਜੇ ਕੈਪਟਨ ਅਮਰਿੰਦਰ ਸਿੰਘ ਸਾਡੀਆਂ ਚਿੱਠੀਆਂ ਦਾ ਜਵਾਬ ਦਿੰਦੇ ਤਾਂ ਅੱਜ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਇੰਨੀਆਂ ਮੌਤਾਂਨਾ ਹੁੰਦੀਆਂ। ਇਸ ਮੌਕੇ ਉਨ੍ਹਾਂ ਅੰਮ੍ਰਿਤਸਰ ਵਿੱਚ ਦੁਸਹਿਰੇ ਮੌਕੇ ਹੋਏ ਟਰੇਨ ਹਾਦਸੇ ਬਾਰੇ ਕਿਹਾ ਕਿ ਇਸ ਦੀਵਿਸ਼ੇਸ਼ ਜਾਂਚਟੀਮ ਦੀ ਜਾਂਚ ਬੇਨਤੀਜਾ ਨਿਕਲੀ ਅਤੇ ਇਸੇ ਤਰ੍ਹਾਂ ਬਟਾਲੇ ਵਾਲੀ ਪਟਾਕਾ ਫੈਕਟਰੀ ਵਿੱਚ



ਹੋਏ ਧਮਾਕੇ ਕਾਰਨ ਮਾਰੇ ਗਏ 23 ਲੋਕਾਂ ਦੇ ਕੇਸ ਵਿੱਚ ਵੀ ਜਾਂਚ ਟੀਮ ਕੋਈ ਨਤੀਜਾ ਨਹੀਂਕੱਢ ਸਕੀ। ਉਨ੍ਹਾਂ ਕਿਹਾ ਕਿ ਅਸੀਂ ਕਾਂਗਰਸ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਾਂ,ਅਸੀਂ ਪੰਜਾਬ ਦੀ ਲੁੱਟ ਨਹੀਂ ਹੋਣ ਦੇਵਾਂਗੇ ਅਤੇ ਆਪਣੀ ਪਾਰਟੀ ਦੀ ਸਾਖ਼ ਵੀ ਅਸੀਂਪੰਜਾਬ ਵਿੱਚ ਬਚਾਉਣਾ ਚਾਹੁੰਦੇ ਹਾਂ।

ਪ੍ਰਤਾਪ ਸਿੰਘ ਬਾਜਵਾ ਨੇ ਦੱਸਿਆ ਕਿ ਅਸੀਂਗਵਰਨਰ ਕੋਲੋਂ ਮੰਗ ਕੀਤੀ ਹੈ ਕਿ ਉਹ ਨਕਲੀ ਸ਼ਰਾਬ ਕੇਸਦੀ ਸੀ ਬੀ ਆਈ ਜਾਂਚ ਕਰਵਾਉਣ। ਉਨ੍ਹਾਂ ਕਿਹਾ ਕਿ ਜੇ ਪੰਜਾਬ ਸਰਕਾਰ ਅਸਲ ਦੋਸ਼ੀ ਫੜਨਾ ਚਾਹੁੰਦੀ ਹੈ ਤਾਂ ਸੀ ਬੀ ਆਈ ਦੀ ਮਦਦ ਨਾਲ ਫੜ ਸਕਦੀ ਹੈ। ਬਾਜਵਾ ਨੇ ਕਿਹਾ ਕਿ ਸਤੰਬਰ ਵਿੱਚ ਹੋ ਰਹੇ ਪਾਰਲੀਮੈਂਟ ਸੈਸ਼ਨ ਵਿੱਚਅਸੀਂ ਸੋਨੀਆਂ ਗਾਂਧੀ ਨੂੰਮਿਲ ਕੇ ਪੰਜਾਬਦੇ ਸਾਰੇ ਹਾਲਾਤਾਂ ਬਾਰੇ ਦੱਸਾਂਗੇ ਤੇ ਗ੍ਰਹਿ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਵੀ ਇਸ ਬਾਰੇ ਮਿਲਾਂਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਦਾ ਮੁੱਦਾ ਇਸ ਵਾਰ ਪਾਰਲੀਮੈਂਟ ਵਿੱਚਗੂੰਜੇਗਾ ਤੇ ਜਿਹੜੀਆਂ ਸੌ ਤੋਂ ਵੱਧ ਮੌਤਾਂ ਨਕਲੀ ਸ਼ਰਾਬ ਕਾਰਨ ਹੋਈਆਂ ਹਨ, ਉਨ੍ਹਾਂ ਲਈ ਜ਼ਿਮੇਵਾਰ ਲੋਕਾਂ,ਉਹ ਸ਼ਰਾਬ ਕੱਢਣ ਵਾਲੇ ਹੋਣ, ਪੁਲਸ ਅਫਸਰ ਹੋਣ, ਐਕਸਾਈਜ਼ ਵਿਭਾਗ ਹੋਵੇ ਜਾਂ ਕੋਈ ਸਿਆਸੀ ਲੋਕ ਹੋਣ,ਨੂੰ ਇਸ ਦੀ ਕੀਮਤ ਅਦਾ ਕਰਨੀ ਪਵੇਗੀ ਅਤੇ ਜਿੰਨਾ ਚਿਰ ਅਸੀਂ ਇਨ੍ਹਾਂ ਲੋਕਾਂ ਦਾ ਪਰਦਾਫਾਸ਼ ਨਹੀਂ ਕਰ ਦੇਂਦੇ,ਅਸੀਂਚੈਨ ਨਾਲ ਨਹੀਂ ਬੈਠਾਂਗੇ।

## ਅੱਜ ਨਾਮਾ

ਤਿਆਰੀ ਮੰਦਰ ਦੀ ਸੁਣੀਂਦੀ ਹੋਈ ਪੂਰੀ,
ਪਹੁੰਚੀ ਪਈ ਆ ਰਸਮ ਦੀ ਘੜੀ ਭਾਈ।
ਜਿਹੜੇ ਲੋਕਾਂ ਨੂੰ ਆਇਆ ਹੈ ਖਾਸ ਸੱਦਾ,
ਖੁਸ਼ੀ ਉਨ੍ਹਾਂ ਲਈ ਸੱਚੀਂ ਆ ਬੜੀ ਭਾਈ।
ਸੁਣਦਾ ਕਿਤੇ ਅਡਵਾਨੀ ਦਾ ਨਾਂਅ ਨਾਹੀਂ,
ਕੀਤੀ ਜੀਹਨੇ ਮੁਹਿੰਮ ਇਹ ਖੜੀ ਭਾਈ।
ਬਹਿ ਕੇ ਅੰਦਰ ਬਜ਼ੁਰਗੀ ਦਾ ਸਮਾਂ ਕੱਟੇ,
ਉਹਦੀ ਬਾਂਹ ਨਹੀਂ ਕਿਸੇ ਨੇ ਫੜੀ ਭਾਈ।
ਵੇਖੂ ਟੀ ਵੀ ਤੋਂ ਹੁੰਦੀ ਪਈ ਰਸਮ ਬਾਪੂ,
ਗੱਲ ਤਾਂ ਅੰਦਰਲੀ ਜਾਣਦਾ ਸੋਈ ਭਾਈ।
ਸਾਥੀ ਦਿੱਸੇ ਨਾ ਗੱਲ ਕੋਈ ਕਰਨ ਜੋਗਾ,
ਦਿਲ ਦੀ ਟੀਸ ਵੀ ਜਾਊ ਲੁਕੋਈ ਭਾਈ।

**ਤੀਸ ਮਾਰ ਖਾਂ**

## ਸੁੱਚਾ ਸਿੰਘ ਲੰਗਾਹ ਵੱਲੋਂ ਅਕਾਲ ਤਖਤ ਨੂੰ ਝਕਾਨੀ ਦੇ ਕੇ 'ਪੰਜਾਂ ਪਿਆਰਿਆਂ' ਅੱਗੇ ਖ਼ਿਮਾ ਯਾਚਨਾ

### * ਨਿਹੰਗ ਸਿੰਘਾਂ ਦੇ ਪੰਜ ਪਿਆਰਿਆਂ ਨੇ 21 ਦਿਨਾਂ ਦੀ ਤਨਖ਼ਾਹ ਲਾਈ
### * ਤਨਖਾਹ ਭੁਗਤਣ ਤੋਂ ਪਹਿਲਾਂ ਹੀ ਅੰਮ੍ਰਿਤ ਵੀ ਛਕਾ ਦਿੱਤਾ ਗਿਆ

ਗੁਰਦਾਸਪੁਰ, 3 ਅਗਸਤ, (ਪੋਸਟ ਬਿਊਰੋ)- ਪੰਜਾਬ ਦੇ ਵਿਵਾਦਾਂ ਵਿੱਚ ਫਸੇ ਹੋਏ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੇ ਅੱਜ ਏਥੇ ਨਿਹੰਗ ਸਿੰਘ ਦਲ ਦੇ ਪੰਜਾਂ ਪਿਆਰਿਆਂ ਅੱਗੇ ਪੇਸ਼ ਹੋ ਕੇ ਖਿਮਾ ਯਾਚਨਾ ਕੀਤੀ ਤੇ ਇਸ ਪਿੱਛੋਂ ਪੰਜ ਪਿਆਰਿਆਂ ਨੇ ਉਸ ਨੂੰ ਤਨਖ਼ਾਹ ਲਾ ਕੇ ਖੜੇ ਪੈਰ ਦੁਬਾਰਾ ਅੰਮ੍ਰਿਤਪਾਨ ਵੀ ਕਰਵਾ ਦਿੱਤਾ ਹੈ।



ਵਰਨਣ ਯੋਗ ਹੈ ਕਿ ਸਾਲ 2017 ਵਿੱਚ ਅਕਾਲੀ ਆਗੂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸੁੱਚਾ ਸਿੰਘ ਲੰਗਾਹ ਉੱਤੇ ਇੱਕ ਔਰਤ ਨੇ ਬਲਾਤਕਾਰ ਦੇ ਦੋਸ਼ ਲਾਏ ਸਨ। ਕੇਸ ਦਰਜ ਹੋਣ ਪਿੱਛੋਂ ਸ੍ਰੀ ਅਕਾਲ ਤਖ਼ਤ ਤੋਂ ਉਨ੍ਹਾਂ ਨੂੰ ਖੜੇ ਪੈਰ ਸਿੱਖੀ ਤੋਂ ਛੇਕ ਦਿੱਤਾ ਗਿਆ ਸੀ। ਪਿੱਛੋਂ ਗੁਰਦਾਸਪੁਰ ਦੀ ਅਦਾਲਤ ਵਿੱਚ ਉਹ ਔਰਤ ਆਪਣੇ ਬਿਆਨਾਂ ਤੋਂ ਮੁੱਕਰ ਗਈ ਤਾਂ ਅਦਾਲਤਨੇ ਇਸ ਆਧਾਰ ਉੱਤੇ ਲੰਗਾਹ ਨੂੰ ਬਰੀ ਕਰ ਦਿੱਤਾ ਸੀ।

ਇਸ ਦੇ ਬਾਅਦ ਸੁੱਚਾ ਸਿੰਘ ਲੰਗਾਹ ਨੇ ਸਿੱਖ ਪੰਥ ਵਿੱਚ ਵਾਪਸੀ ਲਈ ਕਈ ਤਰ੍ਹਾਂ ਸ੍ਰੀ ਅਕਾਲ ਤਖ਼ਤ ਤੱਕ ਪਹੁੰਚ ਕਰਨ ਦਾ ਯਤਨ ਕੀਤਾ, ਪਰ ਉਸ ਦੀ ਬਦਨਾਮੀ ਨੂੰ ਵੇਖਦੇ ਹੋਏ ਉਸ ਦੀ ਅਰਜ਼ੀ ਅਜੇ ਤੱਕ ਵਿਚਾਰਨ ਦਾ ਕੋਈ ਸੰਕੇਤ ਨਹੀਂ ਸੀ ਮਿਲ ਸਕਿਆ। ਅੱਜ ਸੋਮਵਾਰ ਸੁੱਚਾ ਸਿੰਘ ਲੰਗਾਹ ਧਾਰੀਵਾਲ ਨੇੜੇ ਬਾਬਾ ਬੰਦਾ ਸਿੰਘ ਬਹਾਦਰ ਦੀ ਯਾਦ ਵਿੱਚਬਣੇ ਗੁਰਦਆਰਾ ਗੜ੍ਹੀ ਬਾਬਾ ਬੰਦਾ ਸਿੰਘ ਬਹਾਦਰ ਵਿਖੇ ਪਹੁੰਚੇ। ਇਸ ਥਾਂ ਹਰ ਸਾਲਤਰਨਾ ਦਲ ਮਹਿਤਾ ਚੌਕ ਦੇ ਮੁਖੀ ਜਥੇਦਾਰ ਤਰਸੇਮ ਸਿੰਘ ਦੀ ਅਗਵਾਈ ਵਿੱਚ ਪੂਰਨਮਾਸ਼ੀ ਮੌਕੇ ਕਰਵਾਏ ਗਏ ਸਾਲਾਨਾ ਮੌਕੇ ਸੁੱਚਾ ਸਿੰਘ ਲੰਗਾਹ ਪਰਿਵਾਰ ਸਮੇਤ ਪਹੁੰਚੇ ਤੇ ਪੰਜਾਂ ਪਿਆਰਿਆਂ ਕੋਲ ਪੇਸ਼ ਹੋਏ। ਉਨ੍ਹਾਂ ਨੇ ਖੜੇ ਹੋ ਕੇ ਪਿਛਲੀ ਭੁੱਲ ਦੀ ਖਿਮਾ ਯਾਚਨਾ ਕੀਤੀ ਤਾਂ ਪੰਜਾਂ ਪਿਆਰਿਆਂ ਨੇ ਲੰਗਾਹ ਨੂੰ 21 ਦਿਨ ਰੋਜ਼ ਇਕ ਘੰਟਾ ਗੁਰੂ ਘਰ ਵਿੱਚ ਝਾੜੂ ਫੇਰਨ ਵਾਲੀ ਤਨਖ਼ਾਹ (ਧਾਰਮਿਕ ਸਜ਼ਾ) ਲਾਈ ਅਤੇ ਇਸ ਦੇ ਨਾਲ ਹੀ ਅੰਮ੍ਰਿਤਪਾਨ ਵੀ ਕਰਵਾ ਦਿੱਤਾ।

ਨਿਹੰਗ ਸਿੰਘਾਂ ਦੇ ਪੰਜ ਪਿਆਰਿਆਂ ਸਾਹਮਣੇ ਪੇਸ਼ੀ ਤੋਂ ਬਾਅਦ ਸੁੱਚਾ ਸਿੰਘ ਲੰਗਾਹ ਨੇ ਕਿਹਾ ਕਿ ਉਹ ਅਤੇ ਉਨ੍ਹਾਂ ਦਾ ਪਰਿਵਾਰ ਸਦਾ ਗੁਰੂ-ਘਰਲਈ ਸਮਰਪਤ ਰਹੇ ਹਨ। ਉਨ੍ਹਾਂ ਕਿਹਾ:'ਮੈਂ ਪੰਜਾਂ ਪਿਆਰਿਆਂ ਵਲੋਂ ਲਾਈ ਤਨਖ਼ਾਹ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਤੇ ਤਨਖ਼ਾਹ ਪੂਰੀ ਕਰਨ ਪਿੱਛੋਂ ਇਸੇ ਅਸਥਾਨ ਉੱਤੇ ਸੋਧ ਦੀ ਅਰਦਾਸ ਕਰਵਾ ਕੇ ਸਤਿਗੁਰ ਦਾ ਸ਼ੁਕਰਾਨਾ ਕਰਾਂਗਾ।' ਇਸ ਕਾਰਵਾਈ ਤੋਂ ਅੱਜ ਹੀ ਵਿਵਾਦ ਉੱਠਣ ਲੱਗ ਪਏ ਹਨ।

ਦੂਸਰੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਤਰ੍ਹਾਂ ਸੁੱਚਾ ਸਿੰਘ ਲੰਗਾਹ ਨੂੰ ਮੁਆਫ਼ ਕਰ ਕੇ ਦੁਬਾਰਾ ਅੰਮ੍ਰਿਤ ਛਕਾਉਣ ਦੀ ਘਟਨਾ ਦਾ ਸਖ਼ਤ ਨੋਟਿਸ ਲਿਆ ਅਤੇ ਸ਼੍ਰੋਮਣੀ ਕਮੇਟੀ ਦੇ ਤਿੰਨ ਮੁਲਾਜ਼ਮ ਸਸਪੈਂਡ ਕਰ ਦਿੱਤੇ ਹਨ। ਉਨ੍ਹਾਂ ਇਸ ਕੇਸ ਦੀ ਪੂਰੀ ਪੜਤਾਲ ਦੇ ਹੁਕਮ ਦਿੱਤੇ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਕੀਤੀ ਕਾਰਵਾਈ ਬਾਰੇ ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿਗੁਰਦੁਆਰਾ ਸਾਹਿਬ ਨਾਲ ਸਬੰਧਤ ਮੁਲਾਜ਼ਮਾਂ, ਰਛਪਾਲ ਸਿੰਘ ਇੰਚਾਰਜ, ਖੁਸ਼ਵੰਤ ਸਿੰਘ ਗ੍ਰੰਥੀ ਤੇ ਹਰਮੀਤ ਸਿੰਘ ਕਥਾਵਾਚਕ ਨੂੰ ਸਸਪੈਂਡ ਕਰ ਦਿੱਤਾ ਗਿਆ ਤੇ ਇਸ ਦੀ ਪੜਤਾਲ ਲਈ ਫਲਾਇੰਗ ਵਿਭਾਗ ਦੇ ਅਮਲੇ, ਸੀਨੀਅਰ ਪ੍ਰਚਾਰਕਾਂ ਤੇ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰਾਂ ਨੂੰ ਸਾਰੀ ਜ਼ਿੰਮੇਵਾਰੀਦੇ ਦਿੱਤੀ ਗਈ ਹੈ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦੇ ਸਹਾਇਕ ਜਸਪਾਲ ਸਿੰਘ ਨੇ ਕਿਹਾ ਹੈ ਕਿ ਸ੍ਰੀ ਅਕਾਲ ਤਖ਼ਤ ਤੋਂ ਸੁੱਚਾ ਸਿੰਘ ਲੰਗਾਹ ਨੂੰ ਅਜੇ ਕੋਈ ਮੁਆਫੀ ਨਹੀਂ ਦਿੱਤੀ ਗਈ।

## ਰਾਮ ਮੰਦਰ ਦੀ ਉਸਾਰੀ: ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਨੀਂਹ ਪੱਥਰ ਦੀ ਰਸਮ ਮੌਕੇ ਅਯੁੱਧਿਆ ਪਹੁੰਚਣ ਲਈ ਸੱਦਾ

ਅੰਮ੍ਰਿਤਸਰ, 3 ਅਗਸਤ, (ਪੋਸਟ ਬਿਊਰੋ)- ਅਯੁੱਧਿਆ ਵਿਚ ਰਾਮ ਮੰਦਰ ਦੀ ਉਸਾਰੀ ਲਈ 5 ਅਗਸਤ ਨੂੰ ਇਸ ਦਾ ਨੀਂਹ ਪੱਥਰ ਰੱਖਣ ਦੀ ਰਸਮ ਦੀਆਂ ਤਿਆਰੀਆਂ ਪੂਰੇ ਜ਼ੋਰਾਂ ਉੱਤੇ ਹਨ। ਇਸ ਦਿਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਓਥੇ ਸ਼੍ਰੀ ਰਾਮ ਜਨਮ ਭੂਮੀ ਮੰਦਿਰ ਦੀ ਉਸਾਰੀ ਦਾ ਨੀਂਹ ਪੱਥਰ ਰੱਖਣਗੇ ਅਤੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਮੁਖੀ ਮੋਹਣ ਭਾਗਵਤ ਇਸ ਸਮਾਗਮ ਦੇ ਮੁੱਖ ਵਿਸ਼ੇਸ਼ ਮਹਿਮਾਨ ਹੋਣਗੇ। ਇਸ ਰਸਮ ਮੌਕੇ ਅਯੁੱਧਿਆ ਪੁੱਜਣ ਲਈ ਅੱਜ 4 ਅਗਸਤ ਨੂੰ ਰਾਸ਼ਟਰੀ ਸਿੱਖ ਸੰਗਤ ਨੇਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੱਦਾ ਭੇਜ ਦਿੱਤਾ ਹੈ। ਵਰਨਣ ਯੋਗ ਹੈ ਕਿ ਰਾਸ਼ਟਰੀ ਸਿੱਖ ਸੰਗਤ ਅਸਲ ਵਿੱਚ ਆਰ ਐੱਸ ਐੱਸ ਨਾਲ ਜੁੜਿਆ ਸਿੱਖ ਸੰਗਠਨ ਹੈ।



ਰਾਮ ਮੰਦਰ ਦੀ ਉਸਾਰੀ ਦੇ ਨੀਂਹ ਪੱਥਰ ਦੀ ਰਸਮ ਮੌਕੇ ਓਥੇ ਪਹੁੰਚਣ ਲਈ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਹ ਸੱਦਾ ਰਾਸ਼ਟਰੀ ਸਿੱਖ ਸੰਗਤ ਦੇ ਜਨਰਲ ਸਕੱਤਰ ਰਘਬੀਰ ਸਿੰਘ, ਡਾ. ਸੰਦੀਪ ਸਿੰਘ ਜਨਰਲ ਸਕੱਤਰ ਅੰਮ੍ਰਿਤਸਰ ਤੇ ਪੰਜਾਬ ਦੇਪ੍ਰਚਾਰਕ, ਬਿਕਰਮਜੀਤ ਸਿੰਘ ਪ੍ਰਧਾਨ ਆਰ ਐੱਸ ਐੱਸ ਅੰਮ੍ਰਿਤਸਰ ਅਤੇ ਅੰਮ੍ਰਿਤਸਰ ਆਰ ਐੱਸ ਐੱਸਦੇ ਯੂਥ ਵਿੰਗ ਦੇ ਮੁਖੀ ਸੁਰਜੀਤ ਸਿੰਘ ਨੇ ਪੁਚਾਇਆ ਹੈ। ਉਹ ਅਕਾਲ ਤਖਤ ਦੇ ਜਥੇਦਾਰ ਦੇ ਨਿੱਜੀ ਸਹਾਇਕ ਰਣਜੀਤ ਸਿੰਘ ਕੱਲ੍ਹਾ ਨੂੰ ਮਿਲੇ ਅਤੇ ਇਹ ਪੱਤਰ ਸੌਂਪਿਆ ਹੈ।

ਇਸ ਮੌਕੇ ਸ੍ਰੀ ਅਕਾਲ ਤਖਤ ਦੇ ਸਕੱਤਰੇਤ ਮੂਹਰੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਾ. ਸੰਦੀਪ ਸਿੰਘ ਨੇ ਕਿਹਾ ਕਿ ਅਯੁੱਧਿਆ ਵਿਚ ਰਾਮ ਮੰਦਿਰ ਬਣਾਉਣ ਬਾਰੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੱਦਾ ਪੱਤਰ ਦੇਣ ਆਏ ਹਾਂ। ਉਨ੍ਹਾਂ ਕਿਹਾ ਕਿ ਮੰਦਰ ਉਸਾਰੀ ਲਈ ਅਯੁੱਧਿਆ ਵਿਚਲੇ ਗੁਰਦੁਆਰਾ ਬ੍ਰਹਮ ਕੁੰਡ ਵਿਖੇ ਰੱਖੇ ਗਏ ਅਖੰਡਪਾਠ ਸਾਹਿਬ ਦਾ ਭੋਗ 5 ਤਾਰੀਖ ਨੂੰ ਸਵੇਰੇ 7 ਵਜੇ ਪਾਇਆ ਜਾਵੇਗਾ ਤੇ ਰਾਸ਼ਟਰੀ ਸਿੱਖ ਸੰਗਤ ਦੇ ਕੌਮੀ ਪ੍ਰਧਾਨ ਗੁਰਬਚਨ ਸਿੰਘ ਗਿੱਲ ਵੱਲੋਂ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਇਸ ਮੌਕੇ ਅਰਦਾਸ ਵਿਚ ਸ਼ਾਮਲ ਹੋਣ ਤੇ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਹੈ। ਇਸ ਦੇ ਇਲਾਵਾ ਰਾਮ ਮੰਦਰ ਦੇ ਭੂਮੀ ਪੂਜਨ ਲਈ ਪੰਜਾਂ ਸਰੋਵਰਾਂ ਦਾ ਜਲ ਵੀ ਅਯੁੱਧਿਆ ਲੈ ਕੇ ਜਾਵਾਂਗੇ। ਉਨ੍ਹਾਂ ਦੱਸਿਆ ਕਿ ਇਸ ਮੌਕੇ ਸਿੱਖਾਂ ਦੀਆਂ ਕੁਝ ਹੋਰ ਪ੍ਰਮੁੱਖ ਧਾਰਮਿਕ ਹਸਤੀਆਂ ਨੂੰ ਵੀ ਸੱਦਾ ਪੱਤਰ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਮੰਦਰ ਹਿੰਦੂ ਸਿੱਖ ਏਕਤਾ ਦਾ ਪ੍ਰਤੀਕ ਹੈ ਅਤੇ ਰਾਸ਼ਟਰੀ ਸਿੱਖ ਸੰਗਤ ਪਹਿਲੇ ਦਿਨ ਤੋਂ ਹੀ ਇਸ ਮੰਦਿਰ ਦੇ ਕਾਰਜ ਵਿੱਚ ਯੋਗਦਾਨ ਦੇ ਰਹੀ ਹੈ।

ਦੂਸਰੇ ਪਾਸੇ ਦਲ ਖਾਲਸਾ ਦੇ ਜਨਰਲ ਸਕੱਤਰ ਪਰਮਜੀਤ ਸਿੰਘ ਟਾਂਡਾ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਪੱਤਰ ਲਿਖ ਕੇ ਕਿਹਾ ਹੈ ਕਿ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਲਈ ਪੰਜ ਅਗਸਤ ਨੂੰ ਹੋ ਰਹੇ ਨੀਂਹ ਪੱਥਰ ਸਮਾਗਮ ਵਿਚ ਜਾਣ ਤੋਂ ਸਿੱਖਾਂ ਦੀਆਂ ਧਾਰਮਿਕ ਤੇ ਕੌਮੀ ਸੰਸਥਾਵਾਂ ਦੇ ਆਗੂਆਂ ਨੂੰ ਰੋਕਿਆ ਜਾਵੇ। ਉਨ੍ਹਾਂ ਕਿਹਾ ਕਿ ਸਿੱਖ ਇੱਕ ਮਾਨਤਾ ਪ੍ਰਾਪਤ ਧਰਮ ਹੈ ਅਤੇ ਕਿਸੇ ਇਕ ਧਰਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਲੂੰਧਰ ਕੇ ਦੂਜੇ ਧਰਮ ਦੀਆਂ ਖੁਸ਼ੀਆਂ ਮੌਕੇਉਨ੍ਹਾਂ ਦਾ ਸ਼ਾਮਲ ਹੋਣਾ ਘਾਤਕ ਹੀ ਨਹੀਂ, ਗ਼ੈਰ-ਸਿਧਾਂਤਕ ਵੀ ਹੈ। ਉਨ੍ਹਾਂ ਕਿਹਾ ਕਿ ਸਾਡੇ ਲਈ ਹਿੰਦੂ ਤੇ ਮੁਸਲਿਮਦੋਵਾਂ ਧਰਮਾਂ ਨਾਲ ਰਿਸ਼ਤਾ ਬਰਾਬਰਰੱਖਣਾ ਅਤੇ ਨਿਭਾਉਣਾ ਹੀ ਕੌਮੀ ਹਿਤ ਵਿੱਚ ਹੈ ਅਤੇ ਦੋਵਾਂ ਧਰਮਾਂ ਵਿਚਾਲੇ ਵਿਵਾਦ ਵਿੱਚ ਧਿਰ ਬਣਨਾ ਬੇਸਮਝੀ ਤੇ ਬੇਲੋੜਾ ਹੋਵੇਗਾ। ਟਾਂਡਾ ਨੇ ਕਿਹਾ ਕਿ ਰਾਮ ਮੰਦਿਰ ਦੇ ਹੱਕ ਵਿੱਚ ਅਦਾਲਤ ਦਾ ਇਕਪਾਸੜ ਫੈਸਲਾ ਰਾਜਨੀਤੀ ਤੋਂ ਪ੍ਰੇਰਤ ਸੀ ਅਤੇ ਮੰਦਰ ਦਾ ਇਹ ਸਮਾਰੋਹ ਵੀ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਨੂੰ ਨਰਿੰਦਰ ਮੋਦੀ ਦੀ ਸਰਕਾਰ ਵਲੋਂ ਜਬਰੀ ਖੋਹਣ ਦੀ ਪਹਿਲੀ ਵਰ੍ਹੇਗੰਢ ਮੌਕੇ ਰੱਖਣਾ ਇੱਕ ਸੰਜੋਗਨਹੀਂ। ਉਨ੍ਹਾਂ ਕਿਹਾ ਕਿ ਹਿੰਦੁਤਵ ਤਾਕਤਾਂ ਅਤੇ ਕੇਂਦਰ ਸਰਕਾਰ ਨੇ 5 ਅਗਸਤ ਦੀ ਤਾਰੀਕ ਸੋਚ ਸਮਝ ਕੇ ਰੱਖੀ ਹੈ ਤਾਂ ਜੋ ਮੁਸਲਮਾਨ ਭਾਈਚਾਰੇ ਤੇ ਕਸ਼ਮੀਰੀ ਲੋਕਾਂ ਦੇ ਜ਼ਖ਼ਮਾਂ ਉੱਤੇ ਲੂਣ ਮਲ਼ਿਆ ਜਾ ਸਕੇ। ਉਨ੍ਹਾਂ ਮੰਗ ਕੀਤੀ ਕਿ ਜਥੇਦਾਰ ਅਕਾਲ ਤਖਤ ਇਹ ਯਕੀਨੀ ਕਰਨ ਕਿ ਕੋਈ ਵੀ ਸਿੱਖ, ਖ਼ਾਲਸਾ ਪੰਥ ਦੇ ਨੁਮਾਇੰਦੇ ਵਜੋਂ ਉਸ ਦਿਨ ਅਯੁੱਧਿਆਜਸ਼ਨਾਂ ਵਿਚ ਨਾ ਜਾਵੇ।

## ਮਾਝੇ ਵਿੱਚ ਜ਼ਹਿਰੀਲੀ ਸ਼ਰਾਬ ਨਾਲ ਮੌਤਾਂ ਦੀ ਗਿਣਤੀ 120 ਤੱਕ ਜਾ ਪਹੁੰਚੀ

ਤਰਨਤਾਰਨ, 3 ਅਗਸਤ, (ਪੋਸਟ ਬਿਊਰੋ)- ਮਾਝੇ ਦੇ ਤਿੰਨ ਜ਼ਿਲਿਆਂ ਤਰਨਤਾਰਨ, ਅੰਮ੍ਰਿਤਸਰ ਅਤੇ ਪੁਲਸ ਜ਼ਿਲਾ ਬਟਾਲਾ ਵਿੱਚਜ਼ਹਿਰੀਲੀ ਸ਼ਰਾਬ ਨਾਲ ਅੱਜ ਛੇ ਹੋਰ ਲੋਕਾਂ ਦੀ ਮੌਤ ਹੋਣ ਨਾਲ ਮੌਤਾਂ ਦੀ ਗਿਣਤੀ 120 ਤੱਕ ਚਲੀ ਗਈ ਹੈ। ਇਸ ਦੌਰਾਨ ਪੁਲਿਸ ਨੇ ਦੋਸ਼ੀਆਂ ਵਿਰੁੱਧ ਛਾਪੇਮਾਰੀ ਤੇਜ਼ ਕਰ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਜ ਸੋਮਵਾਰ ਅੰਮ੍ਰਿਤਸਰ ਵਿੱਚਪੁਲਸ ਨੇ 18 ਸਮੱਗਲਰ ਗ੍ਰਿਫ਼ਤਾਰ ਕਰ ਕੇ 500 ਲੀਟਰ ਸ਼ਰਾਬ ਅਤੇ 1500 ਕਿਲੋ ਲਾਹਣ ਫੜੀ ਅਤੇ ਤਿੰਨ ਭੱਠੀਆਂ ਚੱਲਦੀਆਂ ਫੜੀਆਂ ਹਨ। ਅੱਜ ਕੁਲ 41 ਕੇਸ ਦਰਜ ਕੀਤੇ ਗਏ ਹਨ। ਲੁਧਿਆਣਾ ਵਿੱਚ ਵੀ 17 ਸਮੱਗਲਰਫੜ ਕੇ 50 ਹਜ਼ਾਰ ਲੀਟਰ ਲਾਹਣ ਤੇ 926 ਬੋਤਲਾਂ ਸ਼ਰਾਬ ਫੜੀ ਗਈ ਹੈ, ਪਰ ਦੋਵੇਂ ਜ਼ਿਲ੍ਹਿਆਂ ਵਿੱਚਕੋਈ ਵੱਡਾ ਸਮੱਗਲਰ ਨਹੀਂ ਫੜਿਆ ਗਿਆ। ਅੰਮ੍ਰਿਤਸਰ ਦੇ ਐੱਸ ਐੱਸ ਪੀ ਧਰੁਵ ਦਹੀਆ ਨੇ ਕਿਹਾ ਕਿ ਸਾਰੇ ਸਮੱਗਲਰ ਛੇਤੀ ਫੜਲਏ ਜਾਣਗੇ। ਤਰਨਤਾਰਨ ਵਿੱਚ 10 ਜਣਿਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਹੈ, ਪਰ ਕੋਈਗ੍ਰਿਫ਼ਤਾਰੀ ਨਹੀਂ ਹੋਈ।ਉਂਜ ਪਤਾ ਲੱਗਾ ਹੈ ਕਿ ਪਿੰਡ ਪੰਡੋਰੀ ਗੋਲਾਤੋਂ ਜ਼ਹਿਰੀਲੀ ਸ਼ਰਾਬ ਕਿੰਨੇ ਪਿੰਡਾਂ ਵਿੱਚ ਕਿਵੇਂ ਪੁਚਾਈ ਗਈ, ਇਸ ਬਾਰੇ ਪੁਲਿਸ ਨੇ ਸਮੱਗਲਰਾਂ ਦੀ ਸੂਚੀ ਬਣਾ ਲਈ ਹੈ, ਜਿਸ ਵਿੱਚ ਰਛਪਾਲ ਸਿੰਘ ਸ਼ਾਲੀ ਢੋਟੀਆਂ ਤੇ ਉਸ ਦਾ ਭਰਾ ਗੁਰਪਾਲ ਸਿੰਘ ਪਾਲੀ ਮੁੱਖ ਕੜੀ ਨਿਕਲਦੇ ਹਨ।

Paramjit Deol
Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

Mississauga $749,000
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

Vaughan $499,000
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

Kitchener $599,000
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

Brampton $699,000
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

MISSISSAUGA $299,000
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

Mississisauga $749,000
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

Blandford $349,000
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

Oshawa $659,000
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

Brampton $1,900,000
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

Brampton $749,000
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

Barrie $769,000
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

Oshawa $659,000
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

Brampton $789,000
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

Toronto $959,500
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

New Tecumseth $978,888
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

Mississauga $715,000
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
■ How your spouse can join you within 4-6 months
■ How your parents can join you
■ How students & skilled people can come to Canada
■ How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

ਵਿਅੰਗ

# ਜਦੋਂ ਮੇਰਾ ਡਾਲਰਾਂ ਨੂੰ ਹੱਥ ਪਿਆ

-ਮੰਗਤ ਕੁਲਜਿੰਦ

ਪੰਜਾਬ ਦੇ ਇੱਕ ਮਹਾਨ ਵਿਅੰਗਕਾਰ ਦਾ ਲਿਖਿਆ ਵਿਅੰਗ 'ਪੈਸੇ ਦਰੱਖਤਾਂ ਨੂੰ ਨਹੀਂ ਲੱਗਦੇ' ਪੜ੍ਹਦਿਆਂ ਇਥੇ ਆ ਕੇ ਸੂਈ ਅਟਕ ਗਈ, ਜਿੱਥੇ ਲਿਖਿਆ ਸੀ, 'ਮੈਂ ਅਮਰੀਕਾ ਗਿਆ ਤੇ ਉਥੋਂ ਡਾਲਰ ਦਰੱਖਤਾਂ ਤੋਂ ਤੋੜ ਕੇ ਲਿਆਇਆ'। ਮਨ ਨੂੰ ਵੀ ਯਕੀਨ ਹੋ ਜਿਹਾ ਹੋ ਗਿਆ, ਬਈ ਅਮਰੀਕਾ ਤਾਂ ਅਮਰੀਕਾ ਹੈ! ਸੁਪਰ ਪਾਵਰ, ਧੱਕੜ, ਉਥੇ ਪੈਸੇ ਦਰੱਖਤਾਂ ਨੂੰ ਲੱਗੇ ਹੋ ਸਕਦੇ ਹਨ।' ਉਦੋਂ ਹੀ ਸੋਚ ਲਿਆ ਕਿ ਮੈਂ ਵੀ ਰੁੱਖਾਂ ਤੋਂ ਡਾਲਰ ਤੋੜ ਕੇ ਲਿਆਵਾਂਗਾ। 'ਉਹ ਦਰੱਖਤ ਮਿਲਣ-ਗੇ ਕਿੱਥੇ?' ਅਖੀਰਲੀਆਂ ਸਤਰਾਂ ਪੜ੍ਹ ਕੇ ਪਤਾ ਲੈਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਡਾਲਰਾਂ ਨਾਲ ਲਹਿਲਹਾਉਂਦੇ ਦਰੱਖਤਾਂ ਦੇ ਮੂਹਰੇ ਖੜ੍ਹਾ ਪਾਇਆ। ਅਮਰੀਕਾ ਵੀ ਆ ਗਏ, ਬੜੇ ਪਛਤਾ ਰਹੇ ਹਾਂ ਕਿ ਉਦੋਂ ਜੇ ਦੋ ਲਾਈਨਾਂ ਹੋਰ ਪੜ੍ਹ ਲੈਂਦੇ ਤਾਂ ਕੀ ਜਹਾਜ਼ ਛੁੱਟ ਜਾਣਾ ਸੀ? ਅਬ ਪਛਤਾਏ ਹੋਤ ਕਿਆ? ਜੋ ਹੋਣਾ ਸੀ, ਹੋ ਗਿਆ। ਸਮਾਂ ਬਰਬਾਦ ਕਰਨ ਦੀ ਬਜਾਇ ਉਸ ਦਰੱਖਤ ਨੂੰ ਭਾਲੀਏ, ਖਬਰੇ ਮਿਲ ਹੀ ਜਾਵੇ।

ਪੰਜਾਬੀ ਦਿੱਖ ਵਾਲੇ ਦੋ ਕੁ ਰਾਹ ਜਾਣੇ ਸੱਜਣਾਂ ਨੂੰ ਰੋਕ ਕੇ ਅਜਿਹੇ ਦਰੱਖਤ ਬਾਰੇ ਪੁੱਛਿਆ ਤਾਂ ਉਹ ਇੱਕ ਸੌ ਇੱਕ ਫੀਸਦੀ ਮੁੱਕਰ ਗਏ। ਇੱਕ ਹੋਰ ਪੰਜਾਬੀ ਨੂੰ ਰੋਕਿਆ। ਉਹਨੂੰ ਸਾਡੀਆਂ ਗੱਲਾਂ ਤੋਂ ਪਤਾ ਲੱਗ ਗਿਆ ਕਿ ਇਹ ਪੰਜਾਬ ਤੋਂ ਨਵਾਂ ਆਇਆ ਹੈ, ਇਸ ਦੀਆਂ ਆਦਤਾਂ ਹਾਲੇ ਪੰਜਾਬੀਆਂ ਵਾਲੀਆਂ ਹੋਣਗੀਆਂ, ਕਿਉਂ ਡਿਊਟੀ ਕਰਨ ਚੱਲਿਆਂ ਵੀ ਜਿੱਥੇ ਮਰਜ਼ੀ ਖੜ੍ਹ ਜਾਉ, ਗੱਪਾਂ ਮਾਰੋ, ਕੋਈ ਮਜ੍ਹਮਾ ਲੱਗਿਆ ਵੇਖੋ, ਕਿਹੜਾ ਕਿਸੇ ਨੇ ਪੁੱਛਣੈ ਬਈ ਲੇਟ ਕਿਉਂ ਹੈ? ਇਸ ਲਈ ਉਸ ਨੇ ਮੇਰੇ ਤੋਂ ਖਹਿੜਾ ਛੁਡਾਉਣ 'ਚ ਭਲਾ ਸਮਝਿਆ, ਪਰ ਇੱਕ ਬਜ਼ੁਰਗ ਸੱਜਣ ਮਿਲਿਆ ਜੋ ਸ਼ਾਇਦ ਆਪਣੇ ਸਮੇਂ ਨੂੰ ਕਤਲ ਕਰਨ ਦੀ ਤਾਕ ਵਿੱਚ ਸੀ। ਮੇਰੀ ਗੱਲ ਧਿਆਨ ਨਾਲ ਸੁਣ ਕੇ ਉਹ ਕਹਿੰਦਾ, 'ਬਈ ਸ਼ੇਰਾ, ਮੈਂ ਤਾਂ ਆਪ ਨਵੀਂ ਅੱਜ ਤੱਕ ਡਾਲਰ ਲੱਗੇ ਵਾਲਾ ਦਰੱਖਤ ਵੇਖਿਆ। ਹਾਂ! ਇਥੇ ਦਰੱਖਤਾਂ ਨੂੰ ਬੇਰ-ਬੂਰ ਜਿਹੇ ਕਾਫੀ ਲੱਗੇ ਹੁੰਦੇ ਐ ਅਤੇ ਆਪਣੇ ਪੰਜਾਬੀ ਸ਼ੁਰੂਆਤ ਵੀ ਉਨ੍ਹਾਂ ਨੂੰ ਤੋੜਨ ਤੋਂ ਈ ਕਰਦੇ ਐ, ਸ਼ਾਮ ਨੂੰ ਡਾਲਰ ਮਿਲ ਜਾਂਦੇ ਨੇ, ਮੈਂ ਵੀ ਜਾਂਦਾ ਹਾਂ ਤੋੜਨ। ਜੇ ਤੂੰ ਵੀ ਚੱਲਣੈ ਤਾਂ ਆਜਾ, ਲੈ ਚੱਲਦਾਂ ਖੇਤਾਂ 'ਚ...।''

''ਇੰਨੀ ਠੰਢ 'ਚ! ਇਥੇ ਤਾਂ ਕੁਲਫੀ ਜੰਮ ਜੂ।''

''ਕਾਕਾ, ਉਹ ਦਰੱਖਤ ਤਾਂ ਖੇਤਾਂ 'ਚ ਹੀ ਮਿਲਦੇ ਨੇ, ਸਟੋਰਾਂ 'ਚ ਮਿਲਣੇ ਨਹੀਂ।''

ਬਜ਼ੁਰਗ ਦੀਆਂ ਗੱਲਾਂ ਦਾ ਵੀ ਸੱਚ ਨਾ ਆਇਆ। ਸੋਚਿਆ ਕਿਉਂ ਇਹਦੇ ਨਾਲ ਮੱਥਾ ਮਾਰ ਕੇ ਸਮਾਂ ਗੁਆਉਣਾ ਹੈ, ਕਿਸੇ ਹੋਰ ਤੋਂ ਪੁੱਛਦੇ ਹਾਂ। ਸਾਹਮਣੇ ਗੁਰੂ-ਘਰ ਸੀ। ਉਥੇ ਕਾਫੀ ਲੋਕ ਮਿਲ ਗਏ, ਕਿਉਂਕਿ ਲੰਗਰ ਦਾ ਸਮਾਂ ਜੋ ਸੀ। ਕੁਝ ਸੱਜਣ ਤਾਂ ਲੱਗੇ ਜਿਵੇਂ ਬੜੇ ਕਾਹਲੇ ਨੇ, ਉਨ੍ਹਾਂ ਨੇ ਦਰਬਾਰ ਸਾਹਿਬ ਜਾ ਕੇ ਮੱਥਾ ਟੇਕਣ ਦੀ ਖੇਚਲ ਨ੍ਹੀਂ ਕੀਤੀ ਹੋਣੀ। ਕੁਝ ਕੁ ਹਿਸਾਬੀ-ਕਿਤਾਬੀ ਵੀ ਲੱਗੇ, ਜਿਨ੍ਹਾਂ ਨੇ ਸੋਚਿਆ ਹੋਊ ਕਿ ਓਨੇ ਦਾ ਮੱਥਾ ਟੇਕ ਲਈਏ ਜਿੰਨਾ ਕੁ ਖਾਣਾ ਹੈ ਤੇ ਦਸਵੰਧ ਕੱਢਣ ਵਾਲੇ ਸੱਜਣਾਂ ਦੀ ਕੋਈ ਘਾਟ ਹੀ ਨਹੀਂ ਸੀ। ਦੋ ਚਾਰ ਬੰਦਿਆਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ, ''ਬਈ ਸੱਜਣਾ, ਅਜੇ ਤੱਕ ਤਾਂ ਟਰੰਪ ਵਰਗੇ ਨੇਤਾਵਾਂ ਨੇ ਇਥੇ ਅਜਿਹਾ ਕੋਈ ਦਰੱਖਤ ਉੱਗਣ ਹੀ ਨਹੀਂ ਦਿੱਤਾ। ਜੇ ਕਿਤੇ ਅੰਡਰ ਗਰਾਊਂਡ ਰੱਖੀ ਬੈਠੇ ਹੋਣ ਤਾਂ ਕਹਿ ਨਹੀਂ ਸਕਦੇ, ਪਰ ਜੇ ਤੂੰ ਡਾਲਰ ਤੋੜਨੇ, ਮਤਲਬ ਕਮਾਉਣੇ ਨੇ ਤਾਂ ਸਟੋਰਾਂ 'ਤੇ, ਢਾਬਿਆਂ 'ਚ, ਪੈਟਰੋਲ ਪੰਪਾਂ 'ਤੇ, ਫੈਕਟਰੀਆਂ 'ਚ ਜਾ। ਜਿੱਥੇ ਕਿਤੇ ਭਾਂਡੇ ਧੋਣ ਦਾ, ਰੇੜ੍ਹੀਆਂ ਖਿੱਚਣ ਦਾ ਸਫਾਈਆਂ ਕਰਨ ਦਾ ਜੋ ਕੰਮ ਮਿਲਦੈ, ਜੁੱਟ ਜਾ ਮਸ਼ੀਨ ਬਣ ਕੇ। ਡਾਲਰ ਭੱਜੇ ਆਉਣਗੇ ਤੇਰੀ ਝੋਲੀ ਭਰਨ।'' ਗੱਲ ਉਨ੍ਹਾਂ ਦੀ ਕੁਝ ਕੁ ਸਿਆਣੀ ਲੱਗੀ।

ਇਸ ਮਗਰੋਂ ਅੰਗਰੇਜ਼ੀ ਅੱਖਰਾਂ 'ਚ ਲਿਖੇ ਨਾਮ ਵਾਲੇ ਸਟੋਰ 'ਚ ਵੜਨ ਤੋਂ ਪਹਿਲਾਂ ਸਾਰੇ ਰੱਬਾਂ ਨੂੰ ਮਨ 'ਚ ਧਿਆ ਲਿਆ ਸਿਵਾਇ ਅੰਗਰੇਜ਼ੀ ਮਾਤਾ ਦੇ। ਅੰਦਰ ਜਾ ਕੇ ਸਮਝ ਨਾ ਆਵੇ, ਕਿਸ ਨਾਲ ਗੱਲ ਕਰਾਂ? ਇਥੇ ਤਾਂ ਸਾਰੇ ਹੀ ਝੱਗੀਆਂ ਪਾਈ ਆਪਣੇ ਕੰਮਾਂ 'ਚ ਜੁਟੇ ਭੱਜੇ ਫਿਰਦੇ ਮੈਨੇਜਰ ਲੱਗੇ। ਸ਼ੁਕਰ ਹੈ ਸਾਹ-ਮਣੇ 'ਆਫਿਸ' ਲਿਖਿਆ ਪੜ੍ਹ ਲਿਆ। ਲੋਕਾਂ ਤੋਂ ਅੱਖ ਬਚਾਉਂਦਾ ਉਧਰ ਨੂੰ ਗਿਆ। ਸੋਚਿਆ ਕਿ ਆਪਣੀ ਸੋਹਣੀ ਜਿਹੀ ਸੈਕਟਰੀ ਨਾਲ ਮੈਨੇਜਰ ਓਥੇ ਬੈਠਾ ਕੁਝ ਡਿਕਟੇਟ ਕਰਾ ਰਿਹਾ ਹੋਵ-ਗਾ, ਵੱਡਾ ਸਾਰਾ ਮੇਜ਼, ਆਸੇ ਪਾਸੇ ਕੁਰਸੀਆਂ ਦਾ ਝੁਰਮਟ, ਇੱਕ ਸੋਫਾ ਸੈੱਟ ਆਦਿ, ਪਰ ਇਥੇ ਅਜਿਹਾ ਕੁਝ ਨਹੀਂ ਸੀ। ਦਫਤਰ 'ਚ ਤਿੰਨ ਚਾਰ ਸਾਧਾਰਨ ਜਿਹੀਆਂ ਕੁਰਸੀਆਂ ਸਟੂਲ ਤੇ ਸਾਧਾਰਨ ਜਿਹਾ ਆਦਮੀ ਝੱਗੀ ਪਾਈ ਕੰਪਿਊਟਰ 'ਤੇ ਖੜ੍ਹਾ ਕੰਮ ਕਰੀ ਜਾਵੇ। ਇਹਨੂੰ ਕਿਵੇਂ ਪੁੱਛਾਂ ਕਿ ਮੈਨੇਜਰ ਕਿੱਥੇ ਆ? ਜ਼ੋਰ ਦੇ ਕੇ ਵੀ ਅੰਗਰੇਜ਼ੀ ਨਾ ਬਣੀ ਤੇ ਪੰਜਾਬੀ 'ਚ ਬੋਲ ਗਿਆ, ''ਜੀ ਮੈਂ ਦਰੱਖਤਾਂ ਤੋਂ ਡਾਲਰ ਤੋੜਨ ਆਇਆਂ।'' ਮੈਂ ਸਮਝ ਗਿਆ ਕਿ ਉਸ ਨੂੰ ਮੇਰੀ ਗੱਲ ਦੀ ਸਮਝ ਨਹੀਂ ਆਈ। ਫਿਰ ਵੀ ਉਸ ਨੇ ਮੁਸਕਰਾਉਂਦਿਆਂ ਮੇਰੇ ਵੱਲ ਦੇਖਿਆ ਤੇ ਅੰਗਰੇਜ਼ੀ 'ਚ ਹੀ ਕੁਝ ਪੁੱਛਿਆ। ਫਿਰ ਉਹੀ ਅੜਚਣ! ਮੈਂ ਉਹਦੇ ਮੂੰਹ ਵੱਲ ਵੇਖਣ ਲੱਗਿਆ। ਇਸ਼ਾਰੇ ਨਾਲ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਕੰਮ ਮੰਗਣ ਆਇਆ ਹਾਂ, ਪਰ ਉਹ ਸਮਝ ਗਿਆ ਕਿ ਜਾਂ ਤਾਂ ਮੈਂ ਗੂੰਗਾ-ਬੋਲਾ ਹਾਂ ਜਾਂ ਅੰਗਰੇਜ਼ੀ ਦਾ ਕੱਟੜ ਦੁਸ਼ਮਣ। ਲੱਗਿਆ ਉਸ ਨੇ ਮਨ ਵਿੱਚ ਦੋ ਚਾਰ ਗਾਲ੍ਹਾਂ ਟਰੰਪ ਨੂੰ ਵੀ ਕੱਢੀਆਂ ਹੋਣਗੀਆਂ 'ਬਈ ਕੀ ਥੁੜਿਆ ਪਿਐ ਇਨ੍ਹਾਂ ਲੋਕਾਂ ਬਿਨਾਂ, ਊਈਂ ਸੱਦੀ ਜਾ ਰਹੇ ਨੇ ਟਰੱਕ ਦੇ ਟਰੱਕ ਭਰ ਕੇ।' ਉਂਝ ਉਸ ਦੇ ਹਾਵ-ਭਾਵ ਤੋਂ ਮੈਂ ਪਹਿਲਾਂ ਹੀ ਅੰਦਾਜ਼ਾ ਲਾ ਲਿਆ ਕਿ ਇਸ ਨੇ ਗਾਲ੍ਹਾਂ ਨਹੀਂ ਕੱਢੀਆਂ ਹੋਣੀਆਂ। ਇੰਨਾ ਜ਼ਰੂਰ ਹੋਇਆ ਕਿ ਉਹਨੇ ਹੱਥਾਂ ਦੇ ਇਸ਼ਾਰਿਆਂ ਨਾਲ ਸਮਝਾ ਦਿੱਤਾ, ''ਬਈ ਤੇਰੇ ਲਈ ਇਥੇ ਕੋਈ ਕੰਮ ਨ੍ਹੀਂ, ਔਹ ਹੈ ਬੂਹੇ ਦਾ ਦਰਵਾਜ਼ਾ, ਹੋਰ ਕਿਤੇ ਕੰਮ ਭਾਲ।''

ਖੁਦ 'ਤੇ ਬੜਾ ਗੁੱਸਾ ਆਇਆ ਕਿ ਤੀਹ ਸਾਲ ਪਹਿਲਾਂ ਅਮਰੀਕਾ ਆ ਵੱਸੇ ਭਰਾ ਦੀ ਵਾਰ ਵਾਰ ਕੀਤੀ ਅੰਗਰੇਜ਼ੀ ਸਿੱਖਣ ਦੀ ਤਾਕੀਦ ਕਿਉਂ ਨਾ ਮੰਨੀ? ਮੰਨਦਾ ਵੀ ਕਿਵੇਂ? ਉਦੋਂ ਮੈਂ ਸਾਡੇ ਪਿੰਡ ਵਾਲੇ ਸਕੂਲ ਦੇ ਪੰਜਾਬੀ ਮਾਸਟਰ ਅਤੇ ਖੇਡ-ਸਿਖਿਆ ਮਾਸਟਰ ਦਾ ਅੰਧ-ਭਗਤ ਸੀ। ਉਨ੍ਹਾਂ ਦੇ ਕਹੇ ਇੱਕ ਇੱਕ ਸ਼ਬਦ 'ਤੇ ਫੁੱਲ ਚੜ੍ਹਾਉਂਦਾ ਸੀ। ਉਹ ਕਹਿੰਦੇ ਸੀ ਕਿ ਅੰਗਰੇਜ਼ ਸਾਡੇ ਦੇਸ਼ ਦੀ ਸਾਰੀ ਦੌਲਤ ਹੂੰਝ ਕੇ ਲੈ ਗਏ। ਆਪ ਤਾਂ ਇਥੋਂ ਚਲੇ ਗਏ, ਪਰ ਵਲਾਇਤ ਨੂੰ ਅਤੇ ਅੰਗਰੇਜ਼ੀ ਭਾਸ਼ਾ ਨੂੰ ਸਾਡੀ ਜਾਨ ਦਾ ਖੌਅ ਬਣਾ ਗਏ। ਮੁੱਕਦੀ ਗੱਲ ਕਿ ਅੰਗਰੇਜ਼ੀ ਦਾ ਐਸਾ ਹਊਆ ਮਨ 'ਚ ਵੜਿਆ ਕਿ ਅਮਰੀਕਾ ਆ ਜਾਣ 'ਤੇ ਵੀ ਨਾਲ ਨਾਲ ਤੁਰਿਆ ਫਿਰਦਾ ਹੈ।

ਥੋੜ੍ਹੇ ਦਿਨ ਧੱਕੇ ਖਾ ਕੇ ਦੋਸਤਾਂ ਮਿੱਤਰਾਂ ਦੀ ਸਲਾਹ 'ਤੇ ਥੋੜ੍ਹੀ ਬਹੁਤ 'ਪੰਜਰੇਜ਼ੀ' ਵਿੱਚ ਕਿਸੇ ਮੂਹਰੇ ਕੁਝ ਕਹਿ ਕੇ ਸਮਝਾਉਣ ਦਾ ਪ੍ਰੈਕਟਿਸ ਕਰ ਲਈ ਅਤੇ ਜਾ ਵੱਜੇ ਇੱਕ ਹੋਰ ਸਟੋਰ 'ਤੇ। ਪਤਾ ਲੱਗਾ ਕਿ ਇਥੇ ਕਾਫੀ ਪੰਜਾਬੀ ਕੰਮ ਕਰਦੇ ਹਨ। ਇੱਕ ਦੋ ਜਣਿਆ ਨੂੰ ਖੜ੍ਹਾ ਕਰ ਕੇ ਪੁੱਛਣ ਦੀ ਕੋਸ਼ਿਸ਼ ਕੀਤੀ, ਕਿਸੇ ਨੇ ਬਾਹਲੀ ਗੱਲ ਨਾ ਸੁਣੀ। ਹਾਂ, ਇੱਕ ਅੱਧਖੜ ਔਰਤ ਨੇ ਮੈਨੂੰ ਮੈਨੇਜਰ ਸਾਹਮਣੇ ਜਾ ਖੜ੍ਹਾਇਆ। ਮੂੰਹ ਨਾਲ ਗੁੱਡ-ਮੌਰਨਿੰਗ ਕਹਿਣ ਦੀ ਥਾਂ ਹੱਥਾਂ ਨਾਲ ਨਮਸਤੇ ਕਹਿ ਕੇ ਉਸਨੂੰ ਪੰਜਰੇਜ਼ੀ 'ਚ ਕਹਿਣਾ ਸ਼ੁਰੂ ਕੀਤਾ ਕਿ ਮੈਂ ਪੰਜਾਬ ਵਿੱਚ ਸਰਕਾਰੀ ਮਹਿਕਮੇ ਵਿੱਚ ਪੈਂਤੀ ਸਾਲ ਨੌਕਰੀ ਕੀਤੀ ਅਤੇ ਲੋਕਾਂ ਦੀ ਬੜੀ ਸੇਵਾ ਕੀਤੀ...। ਉਹਦੇ ਚਿਹਰੇ 'ਤੇ ਮੁਸਕਰਾਹਟ ਫੈਲ ਗਈ। ਸ਼ਾਇਦ ਉਹ ਸੋਚਦਾ ਹੋਵੇ ਕਿ ਪੰਜਾਬ ਦਾ ਸਰਕਾਰੀ ਮੁਲਾਜ਼ਮ ਅਤੇ ਲੋਕ ਸੇਵਾ। ਮੈਨੂੰ ਲੱਗਿਆ ਕਿ ਪੈ ਗਿਆ ਪੰਗਾ। ਉਸ ਨੇ ਹੱਸਦਿਆਂ ਹੱਸਦਿਆਂ ਢਿੱਲਾ ਜਿਹਾ ਮੂੰਹ ਬਣਾ ਕੇ ''ਸ਼ੌਰੀ, ਨੋ ਜੌਬ'' ਕਹਿੰਦਿਆਂ ਕਿਸੇ ਹੋਰ ਸਟੋਰ ਨੂੰ ਸੇਵਾਵਾਂ ਦੇਣ ਲਈ ਮੈਨੂੰ ਮਜਬੂਰ ਕਰ ਦਿੱਤਾ।

ਅਖੀਰ ਇੱਕ ਦਿਨ ਇੱਕ ਸਟੋਰ ਮਾਲਕ ਨੇ ਸਾਡੀ ਕਾਬਲੀਅਤ ਨੂੰ ਪਛਾਣ ਲਿਆ। ਮੈਂ ਪਹਿਲੇ ਦਿਨ ਅਮਰੀਕਾ ਦੀ ਸਰ-ਜ਼ਮੀਂ 'ਤੇ ਸਟੋਰ 'ਤੇ ਕੰਮ ਕੀਤਾ ਤਾਂ ਪਤਾ ਲੱਗ ਗਿਆ ਕਿ ਡਾਲਰ ਰੁਪਈਏ ਨਾਲੋਂ ਇੰਨਾ ਸਖਤ ਕਿਉਂ ਹੈ। ਘੰਟੇ ਕੁ ਬਾਅਦ ਹੀ ਲੱਤਾਂ ਨੇ ਚੂੰਢੀਆਂ ਵੱਢਣੀਆਂ ਸ਼ੁਰੂ ਕਰ ਦਿੱਤੀਆਂ, ਬਈ ਮੰਗੂ ਰਾਮਾ ਬੈਠਣ ਦਾ ਕੋਈ ਪ੍ਰਬੰਧ ਕਰ। ਚਾਰੇ ਪਾਸੇ ਨਜ਼ਰ ਘੁਮਾਈ ਤਾਂ ਕੋਈ ਸਟੂਲ ਵਗੈਰਾ ਨਜ਼ਰ ਨਾ ਆਇਆ। ਉਦੋਂ ਸੋਚਿਆ ਕਿ ਇਥੇ ਕੁਰਸੀਆਂ ਸਟੂਲਾਂ ਦੀ ਸਪਲਾਈ ਦਾ ਕੰਮ ਵੀ ਵਧੀਆ ਚੱਲ ਸਕਦਾ ਹੈ, ਪਰ ਇਹ ਪਲੇਨਿੰਗ ਉਦੋਂ ਹੀ ਠੁੱਸ ਕਰਨੀ ਪਈ ਜਦੋਂ ਪਤਾ ਲੱਗਾ ਬਈ ਇਥੇ ਕੰਮ ਸਮੇਂ ਕੁਰਸੀਆਂ ਸਟੂਲਾਂ 'ਤੇ ਬੈਠਣ ਦੀ ਇਜਾਜ਼ਤ ਹੀ ਨਹੀਂ। ਮਨ ਨੂੰ ਵੀ ਚੈਨ ਆਇਆ ਜਦ ਵੇਖਿਆ ਕਿ ਖੁਦ ਮਾਲਕ ਕੁਰਸੀਆਂ ਸਟੂਲਾਂ ਦੇ ਹੁੰਦਿਆਂ ਆਪ ਖੜ੍ਹ ਕੇ ਕੰਮ ਕਰ ਰਿਹਾ ਹੈ। ਲੱਤਾਂ ਨੂੰ ਸੁਨੇਹਾ ਭੇਜਿਆ, ਸਬਰ ਰੱਖੋ, ਅੱਛੇ ਦਿਨ ਵੀ ਆ ਜਾਣਗੇ। ਨਾਲ ਹੀ ਮਨ ਨੂੰ ਡਾਲਰ ਰੂਪੀ ਰੱਬ ਦੀ ਯਾਦ 'ਚ ਲਾ ਲਿਆ। ਜਿਵੇਂ ਜਿਵੇਂ ਘੰਟੇ ਵਧੀ ਦਾ ਰਹੇ ਸਨ, ਮਨ ਦਾ ਕੈਲਕੁਲੇਟਰ ਡਾਲਰਾਂ ਦੀ ਗਿਣਤੀ ਕਰ ਕਰ ਖੁਸ਼ ਹੋ ਰਿਹਾ ਸੀ। ਆਖਰ ਅਸੀਂ ਇਨ੍ਹਾਂ ਡਾਲਰਾਂ ਨਾਲ ਦੇਸ਼ ਦੀ ਆਰਥਿਕਤਾ ਨੂੰ ਸਹਾਰਾ ਜੋ ਦੇਣਾ ਸੀ। ਕੰਮ ਤੋਂ ਵਿਹਲੇ ਹੋ ਜਾਈਏ ਫਿਰ ਭਾਰਤ ਸਰਕਾਰ ਨਾਲ ਗੱਲ ਕਰਦੇ ਹਾਂ ਬਈ ਡਾਲਰ ਦੇ ਨਿਵੇਸ਼ ਲਈ ਕੋਈ ਯੋਜਨਾਬੰਦੀ ਕਰ ਲਵੇ। ਅਜੇ ਮੈਂ ਸੋਚ ਹੀ ਰਿਹਾ ਸੀ ਕਿ ਬਠਿੰਡੇ ਤੋਂ ਸੁਖਦਰਸ਼ਨ ਦਾ ਫੋਨ ਆ ਗਿਆ। ਕਹਿਣ ਲੱਗਾ, ''ਓਏ ਤੂੰ ਨਹੀਂ ਦੱਸਿਆ, ਪਰ ਸਾਨੂੰ ਫਿਰ ਵੀ ਪਤਾ ਲੱਗ ਗਿਆ ਬਈ ਤੇਰਾ ਡਾਲਰਾਂ ਨੂੰ ਹੱਥ ਪੈ ਚੱਲਿਆ ਹੈ। ਯਾਦ ਐ ਨਾ ਤੁਰਨ ਵੇਲੇ ਕੀਤਾ ਵਾਅਦਾ? ਸੁੱਖ ਨਾਲ ਤਿੰਨ ਕਿਤਾਬਾਂ ਦੇ ਖਰੜੇ ਤਿਆਰ ਨੇ। ਨਾਲੇ ਸਭਾ ਲਈ ਹਾਲ ਬਣਾਉਣ ਦਾ ਹੀਲਾ ਤਾਂ ਅਸੀਂ ਕਰ ਲਿਆ, ਉਸ ਅੰਦਰ ਮੇਜ਼ ਕੁਰਸੀਆਂ ਅਤੇ ਹੋਰ ਸਾਰਾ ਸਾਜ਼ੋ-ਸਾਮਾਨ ਤੇਰੇ ਜ਼ਿੰਮੇ ਐ। ਬਾਕੀ ਜਦੋਂ ਆਉਣਾ ਹੋਇਆ ਦੱਸ ਦੇਈਂ ਤੇਰੇ ਮਾਣ-ਸਨਮਾਨ ਵਿੱਚ ਪ੍ਰੋਗਰਾਮ ਰੱਖ ਲਵਾਂਗੇ, ਬਹਿਜਾ ਬਹਿਜਾ ਕਰਵਾ ਦਿਆਂਗੇ, ਅਸੀਂ ਤਾਂ ਅੱਜ ਤੋਂ ਹੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ।''

ਮੈਂ ਕਿਹਾ, ''ਤੁਹਾਨੂੰ ਤੇ ਤੁਹਾਡੇ ਵੱਲੋਂ ਮਿਲਦੇ ਰਹਿੰਦੇ 'ਘਰ ਫੂਕ ਤਮਾਸ਼ਾ' ਰੂਪੀ ਉਤਸ਼ਾਹ ਨੂੰ ਭੁੱਲ ਸਕਦਾਂ ਕਦੇ? ਪਰ ਯਾਰ ਤੂੰ ਭਾਰਤੀ ਕਰਮਚਾਰੀ ਨੂੰ ਫੋਨ ਨਹੀਂ ਕਰ ਰਿਹਾ, ਇੱਕ ਅਮਰੀਕੀ ਕਰਮਚਾਰੀ ਨਾਲ ਗੱਲ ਕਰ ਰਿਹਾ ਹੈਂ। ਇਸ ਲਈ ਜ਼ਰਾ ਸਮੇਂ ਦਾ ਖਿਆਲ ਰੱਖਿਆ ਕਰ, ਮਤੇ ਫੋਨ 'ਤੇ ਗੱਲ ਕਰਦੇ ਨੂੰ ਸੁਣ ਕੇ ਪੱਕੇ ਤੌਰ 'ਤੇ ਆਰਾਮ ਕਰਨ ਦਾ ਹੁਕਮ ਦੇ ਦੇਣ। ਮੈਂ ਘਰੇ ਜਾ ਕੇ ਗੱਲ ਕਰਾਂਗਾ। ਇੱਕ ਗੱਲ ਹੋਰ, ਆਪਣੇ ਯਾਰਾਂ ਮਿੱਤਰਾਂ ਨੂੰ ਕਹਿਦੇ ਬਈ ਆਪਣੇ ਖਰੜੇ ਤਿਆਰ ਕਰ ਲੈਣ, ਸਭ ਦੇ ਉਲਾਭੇਂ ਲਾਹ ਦਿਆਂਗੇ।''

ਹਫਤੇ 'ਚ ਮਸਾਂ ਤੀਹ ਘੰਟੇ ਕੰਮ ਕਰ ਕੇ ਪਤਾ ਲੱਗ ਗਿਆ ਕਿ ਕੰਮ ਕੀਹਨੂੰ ਕਹਿੰਦੇ ਨੇ, ਪਰ ਖੁਸ਼ੀ ਇਹ ਸੀ ਬਈ ਕਮਾਈ ਵੀ ਰੁਪਈਆਂ ਗੁਣਾ ਸੱਤਰ ਹੈ। ਹਫਤੇ ਬਾਅਦ ਮੁਲਾਜ਼ਮਾਂ ਨੂੰ ਬੁਲਾ ਕੇ ਚੈੱਕ ਦਿੱਤੇ ਗਏ ਤਾਂ ਮੇਰਾ ਧਿਆਨ ਓਧਰ ਸੀ ਕਿ ਕਦੋਂ ਬੁਲਾਉਣਗੇ ਤੇ ਕਰਾਂਗਾ ਡਾਲਰਾਂ ਦੇ ਚੈਕ ਦੇ ਦਰਸ਼ਨ। ਮੇਰੀ ਆਸ ਨੂੰ ਬੂਰ ਨਾ ਪਿਆ। ਕੰਮ ਛੱਡ ਕੇ ਮੈਂ ਜਾ ਮੈਨੇਜਰ ਦੁਆਲੇ ਹੋਇਆ। ਉਸ ਨੇ ਕਈ ਭਾਸ਼ਾਵਾਂ ਦਾ ਮਿਸ਼ਰਣ ਬਣਾ ਕੇ ਮੇਰੇ ਮੇਰੇ ਦਿਮਾਗ 'ਚ ਗੱਲ ਪਾਈ ਕਿ ਅਗਲੇ ਹਫਤੇ। ਦੂਜਾ ਹਫਤਾ ਵੀ ਆ ਗਿਆ। ਚੈੱਕ ਵੰਡਣ ਦਾ ਦੌਰ ਫਿਰ ਸ਼ੁਰੂ ਹੋਇਆ। ਮੇਰਾ ਨੰਬਰ ਤਾਂ ਫਾਡੀ ਹੀ ਆਉਣਾ ਸੀ, ਆਇਆ। ਚੈੱਕ ਮਿਲਿਆ, ਦੇਖਣ ਦੀ ਬਜਾਏ ਚੁੰਮਿਆ। ਜੇਬ੍ਹ ਨੂੰ ਨਿੱਘ ਦੇਣ ਲਈ ਮਰੋੜ ਕੇ ਜੇਬ 'ਚ ਹੀ ਪਾ ਲਿਆ। ਯਾਰ ਇਹਦੀ ਚੀਰ ਫਾੜ ਫਿਰ ਕਰਾਂਗੇ, ਪਹਿਲਾਂ ਖੁਸ਼ੀ ਸਾਂਝੀ ਕਰੀਏ, ਪਰ ਕੀਹਦੇ ਨਾਲ। ਦੋ ਤਿੰਨ ਯਾਰ ਯਾਦ ਆਏ, ਪਰ ਉਹ ਤਾਂ ਕੰਮ 'ਤੇ ਹੋਣਗੇ। ਅਖੀਰ ਇੱਕੋ ਸਹਾਰਾ ਬਾਕੀ ਬਚਿਆ, ਮਤਲਬ ਸ਼ਕਤੀ ਵਾਟਰ। ਮਿਲ ਤਾਂ ਸਾਹਮਣਿਉਂ ਜਾਣਾ ਸੀ। ਸੋਚਿਆ ਸ਼ਕਤੀ ਵਾਟਰ ਪੀ ਕੇ ਭੰਗੜਾ ਪਾਵਾਂ ਤੇ ਲਲਕਾਰੇ ਮਾਰਾਂ। ਫਿਰ ਸੋਚਿਆ ਕਿ ਇਹ ਸਾਰਾ ਕੁਝ ਤਾਂ ਸਾਊਂਡ ਪਰੂਫ ਕਮਰੇ ਵਿੱਚ ਕਰਨਾ ਹੈ, ਜਿੱਥੋਂ ਮੇਰੀ ਖੁਸ਼ੀ ਦੀ ਤਰੰਗ ਦਾ ਇੱਕ ਭੋਰਾ ਬਾਹਰ ਨਾ ਜਾ ਸਕੇ। ਜੇ ਫਿਰ ਵੀ ਇੰਡੀਅਨ ਹਿੰਡ ਪੁਗਾਉਣ ਦੀ ਕੋਸ਼ਿਸ਼ ਕੀਤੀ ਤਾਂ ਪਹਿਲੀ ਮਿਲੀ ਕਮਾਈ ਦਾ ਚੈਕ ਜੁਰਮਾਨੇ ਦੇ ਰੂਪ ਵਿੱਚ ਅਮਰੀਕਾ ਦੀ ਆਰਥਿਕਤਾ ਦਾ ਹਿੱਸਾ ਬਣ ਜਾਵੇਗਾ। ਸੋਚਿਆ, ਨਹੀਂ, ਇਹ ਨਹੀਂ ਕਰਨਾ, ਫਿਰ ਭਾਰਤੀ ਆਰਥਿਕਤਾ ਨੂੰ ਕੌਣ ਠੁੰਮ੍ਹਣਾ ਦੇਊ।

ਜਦੋਂ ਚੈੱਕ ਦੀ ਡਿਟੇਲ ਵੇਖੀ ਤਾਂ ਬੜਾ ਗੁੱਸਾ ਆਇਆ-ਅਮਰੀਕਨਾਂ ਦੀ ਬਿਜ਼ਨਸ-ਬੁੱਧੀ 'ਤੇ। ਇਹ ਬੰਦੇ 'ਤੇ ਭੋਰਾ ਇਤਬਾਰ ਨਹੀਂ ਕਰਦੇ। ਪਹਿਲਾਂ ਹੀ ਫੈਡਰਲ-ਟੈਕਸ, ਮੈਡੀਕੇਅਰ-ਟੈਕਸ, ਸੋਸ਼ਲ-ਸਕਿਓਰਿਟੀ ਟੈਕਸ, ਸਟੇਟ ਮੈਡੀਕਲ ਟੈਕਸ ਆਦਿ ਕੱਟ ਕੇ ਅੱਧ ਪਚੱਧਾ ਲੈ ਗਏ, ਅਜੇ ਲੋਕਲ ਟੈਕਸ ਭਰਨੇ ਬਾਕੀ ਸਨ। ਤਿੰਨ ਸੌ 'ਚੋਂ ਉਨ੍ਹਾਂ ਡੇਢ ਸੌ ਹੀ ਪੱਲੇ ਪਾਇਆ। ਸੋਚਿਆ ਕਿ ਭਾਰਤ ਮਾਤਾ ਦਾ ਉਲਾਂਭਾ ਲਾਹ ਦੇਈਏ ਤੇ ਪ੍ਰਧਾਨ ਮੰਤਰੀ ਜਾਂ ਰਾਸ਼ਟਰਪਤੀ ਨੂੰ ਭੇਜ ਦੇਈਏ ਦੇਸ਼ 'ਚ ਨਿਵੇਸ਼ ਕਰਨ ਲਈ, ਪਰ ਇਥੇ ਤਾਂ ਬਾਅਦ 'ਚ ਵੀ ਭੇਜੇ ਜਾ ਸਕਦੇ ਹਨ। ਪਹਿਲਾਂ ਸਾਹਿਤ ਸਭਾ ਲਈ ਭੇਜੀਏ, ਨਾਲੇ ਸਾਹਿਤਕਾਰਾਂ ਨੂੰ ਇਸ ਦੀ ਵੱਧ ਜ਼ਰੂਰਤ ਹੈ, ਪਰ ਉਦੋਂ ਹੀ ਕੱਕੋ ਵੱਲੋਂ ਮਿਲਿਆ ਹੁਕਮ ਯਾਦ ਆ ਗਿਆ, ''ਜੀ ਜਦੋਂ ਅੱਜ ਡਾਲਰ ਮਿਲ ਗਏ ਸਿੱਧੇ ਘਰੇ ਲੈ ਕੇ ਆਇਉ, ਐਵੇਂ ਨਾ ਰਸਤੇ 'ਚ ਖਰਚਣ ਬਹਿ ਜਾਇਓ। ਕਈ ਥਾਵਾਂ 'ਤੇ ਸੁੱਖਣਾ ਬੈਠੀ ਹਾਂ, ਸਭ ਲਈ ਸੁੱਚੇ ਡਾਲਰ ਕੱਢ ਕੇ ਦੇਣੇ ਨੇ, ਰਸੋਈ 'ਚੋਂ ਰਾਸ਼ਨ ਵੀ ਨੌਂ ਦੇ ਗਿਆਰਾਂ ਹੋ ਗਿਆ ਹੈ। ਬਾਕੀ ਮੈਂ ਆਪਣੇ ਮੇਕਅਪ ਦੇ ਸਾਮਾਨ ਲਈ ਕਿਸੇ ਸਹੇਲੀ ਨਾਲ ਰਾਬਤਾ ਕਾਇਮ ਰੱਖਿਆ ਹੋਇਆ ਹੈ। ਉਮੀਦ ਹੈ ਲੋਨ ਮਿਲ ਜਾਵੇਗਾ।''

ਬਾਕੀਆਂ ਨੂੰ ਤਾਂ ਮਨਾ ਲਵਾਂਗੇ, ਪਰ ਹੋਮ ਮਨਿਸਟਰੀ ਅੱਗੇ..., ਕੀ ਆਖਾਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton


ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




ਕਾਮਿਆਂ ਦੀ ਲੋੜ

ਫਾਰਮ ਵਿੱਚ ਕੰਮ ਕਰਨ ਲਈ ਕਾਮਿਆ ਦੀ ਤੁਰੰਤ ਜਰੂਰਤ ਹੈ । ਮਟਰ ਤੋੜਨ ਲਈ ਬੀਬੀਆਂ ਦੀ ਵੀ ਲੋੜ ਹੈ। ਪੀਕ ਅਪ ਅਤੇ ਡਰਾਪ ਆਫ ਦਾ ਵੀ ਪੂਰਾ ਪ੍ਰਬੰਧ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
ਸੂਬੇਦਾਰ ਗਰੇਵਾਲ
647-400-0060
ਜਾਂ ਬਲਬੀਰ
289-541-5384






A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ
Best Rates For Lessons


] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀਜ਼ ਇੰਸਟ੍ਰਕਟਰ



647-998-7500 ਬਲਵਿੰਦਰ

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host
Iqbal Mahal
Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਇਰਾਦਾ ਤਾਂ ਹਾਂ ਕਹਿਣ ਦਾ ਸੀ

-ਕਰਣ ਥਾਪਰ

ਬੋਲਦੇ ਸਮੇਂ ਅਸੀਂ ਸਾਰੇ ਪ੍ਰਭਾਵ ਬਣਾਉਣਾ ਚਾਹੁੰਦੇ ਹਾਂ। ਇਥੇ ਫਿਰ ਵੀ ਇੱਕ ਸਰਲ ਨਿਯਮ ਹੈ, ਜਿਸ ਨੂੰ ਬਹੁਤ ਸਾਰੇ ਲੋਕ ਭੁੱਲ ਜਾਂਦੇ ਹਨ। ਇਹ ਨਿਯਮ ਸਾਡੇ ਵੱਲੋਂ ਬਣਾਈ ਧਾਰਨਾ ਨੂੰ ਕਮਜ਼ੋਰ ਕਰ ਸਕਦਾ ਹੈ। ਇਹ ਸਿਰਫ ਉਹੀ ਨਹੀਂ, ਜੋ ਤੁਸੀਂ ਕਹਿੰਦੇ ਹੋ ਕਿ ਇਸ ਦਾ ਪ੍ਰਭਾਵ ਹੋਵੇਗਾ ਸਗੋਂ ਇਹ ਏਦਾਂ ਵੀ ਹੈ ਕਿ ਤੁਸੀਂ ਇਸ ਨੂੰ ਕਿਵੇਂ ਕਹਿੰਦੇ ਹੋ। ਮੈਂ ਸ਼ਰਤ ਲਾਉਣ ਨੂੰ ਤਿਆਰ ਹਾਂ ਕਿ ਤੁਸੀਂ ਜੋ ਇਸ ਨੂੰ ਕਿਵੇਂ ਕਹਿੰਦੇ ਹੋ, ਉਹ ਅਕਸਰ ਵੱਧ ਮਹੱਤਵ ਪੂਰਨ ਹੁੰਦਾ ਹੈ।

ਦੋ ਵੱਖ-ਵੱਖ ਘਟਨਾਵਾਂ ਨੇ ਮੈਨੂੰ ਇਸ ਬਾਰੇ ਸੋਚਣ ਲਈ ਕਿਹਾ ਹੈ। ਪਹਿਲਾ, ਰਾਹੁਲ ਗਾਂਧੀ ਦਾ ਬਲਾਗ ਸੀ ਕਿ ਭਾਰਤੀ ਲੋਕਾਂ ਤੋਂ ਸੱਚਾਈ ਨੂੰ ਲੁਕਾਉਣਾ ਇੱਕ ਰਾਸ਼ਟਰ ਵਿਰੋਧੀ ਕੰਮ ਹੈ। ਇਹ ਇੱਕ ਭਰੋਸੇਯੋਗ ਤਰਕ ਹੈ ਅਤੇ ਸਿਆਸੀ ਤੌਰ 'ਤੇ ਚਲਾਕੀ ਵੀ ਹੈ ਕਿਉਂਕਿ ਇਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਾਕਤ 'ਤੇ ਸੱਟ ਮਾਰਦਾ ਹੈ, ਜੋ ਹਾਲ ਹੀ ਵਿੱਚ ਦਿੱਤੇ ਗਏ ਉਨ੍ਹਾਂ ਦੇ ਬਿਆਨ ਬਾਰੇ ਹੈ। ਇਹ ਸਭ ਜੱਗ ਜ਼ਾਹਰ ਹੈ ਕਿ ਜਦੋਂ ਮੋਦੀ ਨੇ ਕਿਹਾ ਸੀ ਕਿ ''ਨਾ ਸਾਡੀ ਸਰਹੱਦ 'ਚ ਕਿਤੇ ਘੁਸਪੈਠ ਹੋਈ ਹੈ ਅਤੇ ਨਾ ਕੋਈ ਘੁਸਪੈਠ ਕਰ ਰਿਹਾ ਹੈ'', ਉਹ ਪੂਰੀ ਤਰ੍ਹਾਂ ਸੱਚਾਈ ਨਹੀਂ ਸੀ। ਲੱਦਾਖ ਦੀਆਂ ਕਈ ਥਾਵਾਂ 'ਤੇ ਚੀਨੀ ਫੌਜੀ ਭਾਰਤੀ ਇਲਾਕੇ ਵਿੱਚ ਹਨ। ਇਥੋਂ ਤੱਕ ਕਿ ਜਿੱਥੋਂ ਉਹ ਪਿੱਛੇ ਹਟ ਗਏ, ਉਥੇ ਸ਼ੱਕ ਸੀ ਕਿ ਭਾਰਤੀ ਇਲਾਕੇ ਪੂਰੀ ਤਰ੍ਹਾਂ ਛੱਡ ਚੁੱਕੇ ਹਨ। ਮੋਦੀ ਦੇ ਭਰਮਾਊ ਕਥਨ ਨੂੰ ਸੱਚ ਨੂੰ ਛੁਪਾਉਣ ਦਾ ਯਤਨ ਸਮਝਿਆ ਜਾਂਦਾ ਹੈ। ਇਸੇ ਗੱਲ ਨਾਲ ਉਨ੍ਹਾਂ ਦੇ 56 ਇੰਚ ਦੇ ਮਜ਼ਬੂਤ ਅਕਸ ਨੂੰ ਘੱਟ ਕਰਨ ਦੇ ਨਾਲ-ਨਾਲ ਰਾਸ਼ਟਰੀ ਹਿੱਤਾਂ ਦੀ ਰੱਖਿਆ ਕਰਨ ਦੇ ਉਨ੍ਹਾਂ ਦੇ ਵਾਅਦੇ ਨੂੰ ਵੀ ਘੱਟ ਕਰ ਦਿੰਦਾ ਹੈ।

ਇਨ੍ਹਾਂ ਜੁੜਵੇਂ ਟੀਚਿਆਂ ਦੇ ਨਾਲ ਰਾਹੁਲ ਗਾਂਧੀ ਵੀ ਨਰਿੰਦਰ ਮੋਦੀ 'ਤੇ ਵਾਰ ਕਰਨਾ ਚਾਹੁੰਦੇ ਹਨ, ਪਰ ਸਾਨੂੰ ਇਹ ਪੜ੍ਹਨਾ ਹੋਵੇਗਾ ਕਿ ਉਨ੍ਹਾਂ ਨੇ ਅਸਲ ਵਿੱਚ ਅੱਗੇ ਕੀ ਕਿਹਾ ਸੀ ਅਤੇ ਕੀ ਇਹ ਆਪਣੀ ਗੱਲ ਕਹਿਣ ਦਾ ਇੱਕ ਪ੍ਰਭਾਵਸ਼ਾਲੀ ਤਰੀਕਾ ਹੈ? ਕੀ ਇਹ ਪ੍ਰਧਾਨ ਮੰਤਰੀ ਦੇ ਅੰਤਰ ਵਿਰੋਧਾਂ ਦੀ ਤੁਲਨਾ ਵਿੱਚ ਆਪਣੇ ਖੁਦ ਦੇ ਅਪ੍ਰੱਖ ਤਰੀਕੇ ਨੂੰ ਪ੍ਰਗਟ ਨਹੀਂ ਕਰਦਾ?

ਜੇ ਤੁਸੀਂ ਚਾਹੁੰਦੇ ਹੋ ਕਿ ਮੈਂ ਝੂਠ ਬੋਲਾਂ ਕਿ ਚੀਨੀਆਂ ਨੇ ਸਾਡੇ ਦੇਸ਼ ਵਿੱਚ ਪ੍ਰਵੇਸ਼ ਨਹੀਂ ਕੀਤਾ ਤਾਂ ਮੈਂ ਝੂਠ ਨਹੀਂ ਬੋਲਾਂਗਾ। ਮੈਂ ਬੱਸ ਇਹੀ ਨਹੀਂ ਕਰਾਂਗਾ। ਜੇ ਮੇਰਾ ਪੂਰਾ ਕਰੀਅਰ ਨਰਕ ਵਿੱਚ ਚਲਾ ਜਾਵੇ ਤਾਂ ਵੀ ਮੈਨੂੰ ਪ੍ਰਵਾਹ ਨਹੀਂ। ਮੈਂ ਝੂਠ ਨਹੀਂ ਬੋਲਾਂਗਾ। ਸਿਆਸੀ ਤੌਰ 'ਤੇ ਜੇ ਮੈਨੂੰ ਇਹ ਮਹਿੰਗਾ ਵੀ ਪਵੇ ਤਾਂ ਮੈਨੂੰ ਕੋਈ ਪ੍ਰਵਾਹ ਨਹੀਂ। ਇਸ ਤੋਂ ਬਾਅਦ ਮੇਰਾ ਸਿਆਸੀ ਭਵਿੱਖ ਖਤਮ ਹੋ ਜਾਵੇ, ਉਸ ਦੀ ਵੀ ਮੈਨੂੰ ਪ੍ਰਵਾਹ ਨਹੀਂ, 'ਪਰ ਜਿੱਥੋਂ ਤੱਕ ਭਾਰਤੀ ਖੇਤਰ ਦਾ ਸੰਬੰਧ ਹੈ, ਮੈਂ ਸੱਚਾਈ ਕਹਿ ਰਿਹਾ ਹਾਂ।''

ਜੇ ਰਾਹੁਲ ਗਾਂਧੀ ਨੇ ਧਿਆਨ ਨਾਲ ਵਿਚਾਰ ਕੀਤਾ ਹੁੰਦਾ ਤਾਂ ਉਹ ਕੀ ਕਹਿਣਾ ਚਾਹੁੰਦੇ ਹਨ ਤੇ ਉਨ੍ਹਾਂ ਨੇ ਵੱਧ ਮਾਣ ਨਾਲ ਅਜਿਹਾ ਕੀਤਾ ਹੈ ਕਿ ਉਹ ਵੱਧ ਬਾਲਗ ਅਤੇ ਘੱਟ ਅੱਲ੍ਹੜ ਲੱਗ ਸਕਦੇ ਹਨ। ਰਾਹੁਲ ਗਾਂਧੀ ਤਾਂ ਪ੍ਰਧਾਨ ਮੰਤਰੀ ਨੂੰ ਬੇਨਕਾਬ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਖੁਦ ਨੂੰ ਹੀ ਜ਼ਾਹਰ ਕਰ ਦਿੱਤਾ।


ਅਗਲੀ ਮਿਸਾਲ ਬਹੁਤ ਵੱਖਰੀ ਹੈ। ਇਹ ਕੁਝ ਕਹਿਣ ਦੀ ਇੱਛਾ ਅਤੇ ਉਨ੍ਹਾਂ ਲੋਕਾਂ ਨੂੰ ਪ੍ਰੇਸ਼ਾਨ ਨਾ ਕਰਨਾ, ਜੋ ਇਸ ਦੇ ਨਿਸ਼ਾਨੇ 'ਤੇ ਹਨ, ਦੇ ਦਰਮਿਆਨ ਤੋੜੇ ਜਾਣ ਦਾ ਮਾਮਲਾ ਹੈ। ਇਸ ਨੂੰ ਮੈਂ ਦੋ ਟੇਬਲਾਂ ਦੇ ਦਰਮਿਆਨ 'ਚ ਘਿਰਨ ਵਾਲਾ ਕਹਿ ਸਕਦਾ ਹਾਂ। ਮੈਨੂੰ ਸਮਝਾਉਣ ਦਿਓ। ਇਹ ਕਿਹਾ ਗਿਆ ਹੈ ਕਿ ਰਥਿਨ ਰਾਏ ਨੇ ਸਰਕਾਰ ਦੇ ਨਾਲ ਮਤਭੇਦਾਂ ਕਾਰਨ ਜਨਤਕ ਵਿੱਤ ਅਤੇ ਨੀਤੀ ਦੇ ਰਾਸ਼ਟਰੀ ਅਦਾਰੇ ਦੇ ਡਾਇਰੈਕਟਰ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਬਿਜ਼ਨਸ ਸਟੈਂਡਰਡ 'ਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਜੁਲਾਈ ਬਜਟ 2019 ਤੋਂ ਬਾਅਦ ਇੱਕ ਲੇਖ ਲਿਖਿਆ, ਜਿਸ ਵਿੱਚ ਉਨ੍ਹਾਂ ਖੁਲਾਸਾ ਕੀਤਾ ਕਿ ਸੀਤਾਰਮਨ ਦੇ ਆਮਦਨ ਅਤੇ ਖਰਚ ਦੇ ਅੰਕੜੇ ਗਲਤ ਹਨ। ਇਸ ਨਾਲ ਵਿੱਤ ਮੰਤਰਾਲਾ ਨਾਰਾਜ਼ ਹੋ ਗਿਆ। ਸ਼ਾਇਦ ਇਹੀ ਕਾਰਨ ਹੈ ਕਿ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਵਿੱਚੋਂ ਹਟਾ ਦਿੱਤਾ ਗਿਆ। ਇਸ ਕੌਂਸਲ ਪਿਛਲੇ ਸਤੰਬਰ ਵਿੱਚ ਬਣਾਈ ਗਈ ਸੀ। ਅਜਿਹੀਆਂ ਵੀ ਗੱਲਾਂ ਆਈਆਂ ਕਿ ਰਾਏ ਨੂੰ ਇਹ ਕਿਹਾ ਗਿਆ ਹੈ ਕਿ ਉਹ ਅਖਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ 'ਤੇ ਸਰਕਾਰ ਦੀ ਆਲੋਚਨਾ ਬਾਰੇ ਨਾ ਬੋਲਣ, ਪਰ ਜਦੋਂ ਉਨ੍ਹਾਂ ਕੋਲੋਂ ਪਿੱਛੇ ਜਿਹੇ ਇੱਕ ਇੰਟਰਵਿਊ ਵਿੱਚ ਪੁੱਛਿਆ ਗਿਆ ਤਾਂ ਰਾਏ ਰਿਪੋਰਟਾਂ ਦੀ ਪੁਸ਼ਟੀ ਕਰਨ ਅਤੇ ਸਰਕਾਰ ਨੂੰ ਪਰੇਸ਼ਾਨ ਨਾ ਕਰਨ ਦੇ ਵਿਚਾਲੇ ਫਸ ਕੇ ਰਹਿ ਗਏ। ਇਹ ਪੁੱਛੇ ਜਾਣ 'ਤੇ ਕਿ ਕੀ ਉਨ੍ਹਾਂ ਦੇ ਲੇਖ ਨੇ ਪਹਿਲਾਂ ਸਰਕਾਰ ਨੂੰ ਨਾਰਾਜ਼ ਕੀਤਾ ਸੀ? ਉਨ੍ਹਾਂ ਕਿਹਾ, ''ਜੇ ਤੁਹਾਡਾ ਸਵਾਲ ਇਹ ਹੈ ਕਿ ਕੁਝ ਲੋਕ ਦੁਖੀ ਸਨ ਤਾਂ ਮੇਰਾ ਜਵਾਬ ਨਿਰਵਿਵਾਦ ਤੌਰ 'ਤੇ ਹਾਂ ਹੈ।'' ਜਦੋਂ ਇਹ ਪੁੱਛਿਆ ਗਿਆ ਕਿ ਦੂਸਰੇ ਵਿਚਾਰਾਂ ਬਾਰੇ ਕਿਸ ਨੇ ਦੱਸਿਆ ਤਾਂ ਉਨ੍ਹਾਂ ਕਿਹਾ, ''ਹੋ ਸਕਦਾ ਹੈ ਕਿ ਮੈਨੂੰ ਨਹੀਂ ਪਤਾ ਕਿ ਸਟੀਕ ਤਿਮਾਹੀ ਕਿੱਥੋਂ ਆਈ। ਮੈਂ ਜੋ ਸੁਣਿਆ, ਉਹ ਦਿਲ ਤੋਂ ਸੁਣਿਆ।'' ਜਦੋਂ ਉਨ੍ਹਾਂ ਕੋਲੋਂ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੂੰ ਕੁਝ ਮੀਡੀਆ ਆਊਟਲੈਟਸ ਨਾਲ ਗੱਲ ਕਰਨ ਨੂੰ ਕਿਹਾ ਗਿਆ ਤਾਂ ਉਨ੍ਹਾਂ ਨੇ ਇਸ ਤਰ੍ਹਾਂ ਦੀ ਅਸਪੱਸ਼ਟਤਾ ਨਾਲ ਜਵਾਬ ਦਿੱਤਾ ਕਿ ਮੈਨੂੰ ਕਦੀ-ਕਦੀ ਇਹ ਦੱਸਿਆ ਗਿਆ ਸੀ ਕਿ ਮੈਂ ਜਿਸ ਵਿਦੇਸ਼ ਸੰਗਠਨ ਨਾਲ ਗੱਲ ਕੀਤੀ ਸੀ, ਉਹ ਇੱਕ ਨਹੀਂ ਸੀ, ਜੋ ਮੈਨੂੰ ਸਰਕਾਰ 'ਚ ਕੋਈ ਹਾਂ-ਪੱਖੀ ਪ੍ਰਸ਼ੰਸਾ ਦਿਵਾਏਗਾ।

ਦੋਵਾਂ ਗੱਲਾਂ 'ਚ ਇਰਾਦਾ ਹਾਂ ਕਹਿਣ ਦਾ ਸੀ, ਪਰ ਸੰਦੇਸ਼ ਜੋ ਦਿੱਤਾ, ਉਹ ਭਰਮ ਸੀ। ਕੁਝ ਲੋਕ ਰਥਿਨ ਰਾਏ ਦੀ ਦੁਚਿੱਤੀ ਸਮਝ ਗਏ ਹੋਣਗੇ, ਪਰ ਬਹੁਤਿਆਂ ਨੂੰ ਸ਼ਾਇਦ ਲੱਗਾ ਹੋਵੇ ਕਿ ਉਹ ਨਹੀਂ ਜਾਣਦੇ ਕਿ ਉਹ ਕੀ ਕਹਿਣਾ ਚਾਹੁੰਦੇ ਹਨ। ਕੀ ਤੁਹਾਨੂੰ ਮੇਰੀ ਗੱਲ ਸਹੀ ਲੱਗੀ? ਜਦੋਂ ਤੁਸੀਂ ਜਨਤਕ ਤੌਰ 'ਤੇ ਬੋਲਦੇ ਹੋ ਤਾਂ ਤੁਹਾਨੂੰ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਤੁਸੀਂ ਕੀ ਕਹਿ ਰਹੇ ਹੋ? ਇਹ ਗੱਲ ਵੀ ਹੁੰਦੀ ਹੈ ਕਿ ਇਹ ਕਿਵੇਂ ਕਹੀ ਜਾਵੇ, ਨਹੀਂ ਤਾਂ ਤੁਹਾਡੇ ਸੰਦੇਸ਼ ਨੂੰ ਉਹ ਪ੍ਰਤੀਕਿਰਿਆ ਨਹੀਂ ਮਿਲ ਸਕਦੀ, ਜਿਸ ਦੀ ਤੁਸੀਂ ਆਸ ਕਰਦੇ ਹੋ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਨ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਨਣ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


## ਕਹਾਣੀ

# ਜੀਤਾ

-ਐੱਸ ਸਾਕੀ-

ਜੀਤਾ ਚੰਡੀਗੜ੍ਹ ਦੇ ਜਿਨ੍ਹਾਂ ਕੁਆਰਟਰਾਂ ਵਿੱਚ ਦੁੱਧ ਵੇਚਣ ਜਾਂਦਾ ਸੀ, ਉਨ੍ਹਾਂ ਵਿੱਚ ਬਹੁਤੇ ਦਫਤਰਾਂ ਦੇ ਬਾਬੂ ਰਹਿੰਦੇ ਸਨ। ਉਨੀ ਕੁ ਸਾਲ ਦੀ ਉਮਰ ਦਾ ਜੀਤਾ ਚੰਡੀਗੜ੍ਹ ਤੋਂ ਲਹਿੰਦੇ ਵੱਲ ਤੋਂ ਮੀਲ ਦੀ ਦੂਰੀ 'ਤੇ ਇੱਕ ਪਿੰਡ ਵਿੱਚ ਰਹਿੰਦਾ ਸੀ। ਉਹ ਸਵੇਰ ਵੇਲੇ ਕੁਆਰਟਰਾਂ ਵਿੱਚ ਦੁੱਧ ਵੰਡਿਆ ਕਰਦਾ ਸੀ। ਗਰਮੀਆਂ ਦੀ ਰੁੱਤੇ ਉਸ ਲਈ ਇਹ ਕੰਮ ਕਰਨਾ ਇੰਨਾ ਸੌਖਾ ਨਹੀਂ ਸੀ ਜਿੰਨਾ ਉਸ ਨੂੰ ਸਿਆਲ ਦੇ ਦਿਨਾਂ ਵਿੱਚ ਲੱਗਦਾ ਸੀ। ਸੀਤ ਭਰੇ ਦਿਨਾਂ ਵਿੱਚ ਉਸ ਦੀ ਮਾਂ ਉਸ ਨੂੰ ਤੜਕੇ ਜਗਾ ਦਿੰਦੀ ਸੀ। ਉਹ ਮੱਝਾਂ ਨੂੰ ਕੁਤਰੇ ਪੱਠੇ ਸੁੱਟਦਾ, ਵੰਡ ਪਾਉਂਦਾ, ਧਾਰਾਂ ਕੱਢਦਾ ਅਤੇ ਢੋਲਾਂ ਵਿੱਚ ਦੁੱਧ ਭਰ ਕੇ ਠੰਢੀਆਂ ਸਵੇਰਾਂ ਵਿੱਚ ਸਾਈਕਲ ਨਸਾਉਂਦਾ ਸ਼ਹਿਰ ਵੱਲ ਚੱਲ ਪੈਂਦਾ।

ਬਾਬੂਆਂ ਦੇ ਕੁਆਰਟਰਾਂ ਵਿੱਚ ਪਹੁੰਚ ਕੇ ਸਾਈਕਲ ਲੈ ਘੁੰਮਣ ਲੱਗਦਾ। ਹਰ ਕੁਆਰਟਰ ਦੇ ਬੂਹੇ ਮੂਹਰੇ ਖੜ੍ਹੋ ਉਹ ਸਾਈਕਲ 'ਤੇ ਲੱਗੇ ਹਾਰਨ ਨਾਲ ਜ਼ੋਰ ਦੀ ਪਾਂ-ਪਾਂ ਕਰਦਾ। ਘਰਾਂ ਦੇ ਬੂਹੇ ਖੁੱਲ੍ਹਦੇ। ਹੱਥਾਂ ਵਿੱਚ ਦੁੱਧ ਲਈ ਭਾਂਡੇ ਫੜੀ ਖੜੋਤੇ ਉਸ ਨੂੰ ਰੋਜ਼ ਵਾਲੇ ਲੋਕੀਂ ਦਿੱਸਦੇ। ਉਹ ਢੋਲ ਵਿੱਚੋਂ ਹਰ ਇੱਕ ਦੇ ਭਾਂਡੇ 'ਚ ਦੁੱਧ ਦੇ ਬੁੱਘ ਭਰ-ਭਰ ਪਾਉਂਦਾ ਅਤੇ ਅੱਗੇ ਵਧਦਾ ਰਹਿੰਦਾ। ਸੂਰਜ ਨਿਕਲਣ ਤੱਕ ਦੁੱਧ ਵਾਲੇ ਢੋਲ ਖਾਲੀ ਹੋ ਜਾਂਦੇ ਅਤੇ ਉਹ ਮੁੜ ਸਾਈਕਲ ਧਰੀਕਦਾ ਪਿੰਡ ਵੱਲ ਪਰਤ ਪੈਂਦਾ। ਸਿਆਲ ਦੇ ਮੌਸਮ ਵਿੱਚ ਜੀਤੇ ਨੂੰ ਸਵੇਰੇ ਉਠਣਾ ਬਹੁਤ ਔਖਾ ਲੱਗਦਾ। ਕਈ ਵਾਰੀ ਮਾਂ ਦੇ ਵਾਰ-ਵਾਰ ਜਗਾਉਣ 'ਤੇ ਉਹ ਨਿੱਘੀ ਰਜਾਈ ਵਿੱਚ ਮਚਲਿਆ ਪਿਆ ਰਹਿੰਦਾ। ਚਾਰੇ ਪਾਸਿਓਂ ਰਜਾਈ ਘੁੱਟ ਕੇ ਲੰਮੇ-ਲੰਮੇ ਸਾਹਾਂ ਨਾਲ ਅੰਦਰ ਦੀ ਹਵਾ ਨੂੰ ਨਿੱਘੀ ਕਰ ਲੈਂਦਾ। ਉਸ ਨੇੜੇ ਮੰਜੇ 'ਤੇ ਲੰਮੀ ਪਈ ਮਾਂ ਉਸ ਨੂੰ ਗਾਲ੍ਹਾਂ ਕੱਢਦੀ ਰਹਿੰਦੀ, ਪਰ ਉਹ ਉਸ ਵੇਲੇ ਤੀਕ ਬਿਸਤਰਾ ਨਾ ਛੱਡਦਾ, ਜਦੋਂ ਤੱਕ ਉਹ ਉਸ ਉਪਰੋਂ ਰਜਾਈ ਲਾਹ ਕੇ ਪਰ੍ਹਾਂ ਨਾ ਸੁੱਟ ਦਿੰਦੀ।

ਕਈ ਵਾਰੀ ਜਦੋਂ ਜੀਤੇ ਨੂੰ ਬਹੁਤ ਦਿਨ ਚੜ੍ਹ ਜਾਂਦਾ ਤਾਂ ਕੁਆਰਟਰਾਂ ਵਿੱਚ ਰਹਿੰਦੇ ਬਾਬੂਆਂ ਨੂੰ ਦਫਤਰਾਂ ਨੂੰ ਜਾਣ ਲਈ ਦੇਰ ਹੋ ਜਾਂਦੀ। ਉਹ ਦੁੱਧ ਦੀ ਉਡੀਕ ਵਿੱਚ ਬੂਹਾ ਖੋਲ੍ਹ ਵਾਰ-ਵਾਰ ਬਾਹਰ ਵੱਲ ਝਾਕਦੇ ਰਹਿੰਦੇ। ਫੇਰ ਜੀਤਾ ਜਦੋਂ ਵੀ ਸਾਈਕਲ ਲੈ ਕਿਸੇ ਦੇ ਬੂਹੇ 'ਤੇ ਪਹੁੰਚਦਾ ਤਾਂ ਹਰ ਥਾਵੇਂ ਉਸ ਨੂੰ ਝਿੜਕਾਂ ਮਿਲਦੀਆਂ। ਬਾਬੂ ਉਸ 'ਤੇ ਨਾਰਾਜ਼ ਹੁੰਦੇ, ਪਰ ਉਹ ਮੁਸਕਰਾਹਟ ਨੂੰ ਚੁੱਪ ਵਿੱਚ ਛੁਪਾਈ ਦੁੱਧ ਵੰਡਦਾ ਹੋਇਆ ਅੱਗੇ ਲੰਘਦਾ ਰਹਿੰਦਾ।

ਇੱਕ ਦਿਨ ਸਵੇਰ ਵੇਲੇ ਉਹ ਦੁੱਧ ਵੰਡਦਾ ਫਿਰ ਰਿਹਾ ਸੀ। ਸੀਤ ਵਗਦੀ ਹਵਾ ਤੋਂ ਬਚਣ ਲਈ ਉਸ ਨੂੰ ਆਪਣਾ ਮੂੰਹ ਸਿਰ ਖੇਸ ਨਾਲ ਕੱਜ ਰੱਖਿਆ ਸੀ। ਰੋਜ਼ ਵਾਂਗ ਹਾਰਨ ਦੀ ਆਵਾਜ਼ ਨਾਲ ਬਾਬੂਆਂ ਦੇ ਘਰਾਂ ਦੇ ਬੂਹੇ ਖੁੱਲ੍ਹ ਰਹੇ ਸਨ। ਓਹੀ ਸਭ ਦੇ ਸਭ ਰੋਜ਼ ਵਾਲੇ ਜਾਣੇ-ਪਛਾਣੇ ਚਿਹਰੇ। ਉਹ ਹਰ ਇੱਕ ਦੇ ਭਾਂਡੇ ਵਿੱਚ ਦੁੱਧ ਪਾ ਅੱਗੇ ਟੁਰਦਾ ਜਾ ਰਿਹਾ ਸੀ।

ਫੇਰ ਉਨ੍ਹਾਂ ਕੁਆਰਟਰਾਂ ਵਿੱਚੋਂ ਇੱਕ ਬੂਹਾ ਖੁੱਲ੍ਹਿਆ। ਇਸੇ ਕੁਆਰਟਰ 'ਚੋਂ ਹਰ ਰੋਜ਼ ਇੱਕ ਮੋਟਾ ਜਿਹਾ ਬਾਬੂ ਦੁੱਧ ਲਿਆ ਕਰਦਾ ਸੀ। ਹੇਠਾਂ ਨੂੰ ਲਮਕੇ ਢਿੱਡ ਵਾਲਾ ਬਾਬੂ, ਜਿਸ ਦੀ ਦੇਹ 'ਤੇ ਜਿਵੇਂ ਹਰ ਵੇਲੇ ਕਣਕ ਦੀ ਬੋਰੀ ਬੰਨ੍ਹੀ ਰਹਿੰਦੀ ਸੀ। ਉਹ ਸਾਈਕਲ 'ਤੇ ਲੱਗਿਆ ਹਾਰਨ ਸੁਣ ਕੇ ਵੀ ਕਾਫੀ ਦੇਰ ਬਾਅਦ ਬੂਹਾ ਖੋਲ੍ਹਿਆ ਕਰਦਾ ਸੀ, ਪਰ ਅੱਜ ਅਜਿਹਾ ਨਹੀਂ ਹੋਇਆ। ਬੂਹਾ ਜਲਦੀ ਖੁੱਲ੍ਹ ਗਿਆ ਤੇ ਅੰਦਰ ਦਾ ਚਾਨਣ ਹਨੇਰੇ ਵਿੱਚ ਖੜੋਤੇ ਜੀਤੇ 'ਤੇ ਪਿਆ। ਕਮਰੇ ਅੰਦਰੋਂ ਆ ਰਹੇ ਚਾਨਣ ਵਿੱਚ ਜੀਤੇ ਨੇ ਦੁੱਧ ਲਈ ਭਾਂਡਾ ਫੜੀ ਇੱਕ ਕੁੜੀ ਖੜੋਤੀ ਵੇਖੀ। ਚਿਹਰੇ 'ਤੇ ਰਾਤ ਦੀਆਂ ਖਿੰਡੀਆਂ ਲਿਟਾਂ ਵਾਲੀ ਕੁੜੀ ਮਸਾਂ ਅਠ੍ਹਾਰਾਂ ਸਾਲਾਂ ਦੀ। ਜੀਤੇ ਨੂੰ ਉਹ ਬਹੁਤ ਸੋਹਣੀ ਲੱਗੀ। ਜੀਤਾ ਤਾਂ ਉਸ ਵੱਲ ਵੇਖਦਾ ਹੀ ਰਹਿ ਗਿਆ।

''ਇਹ ਮੇਰੇ ਚਾਚਾ ਜੀ ਦਾ ਘਰ ਹੈ।'' ਕੁੜੀ ਨੇ ਆਪੇ ਦੱਸਿਆ।

ਜੀਤੇ ਨੂੰ ਲੱਗਾ ਜਿਵੇਂ ਕੁੜੀ ਦੇ ਮੂੰਹੋਂ ਸ਼ਬਦਾਂ ਦੀ ਥਾਂ ਫੁੱਲ ਕਿਰੇ ਹੋਣ। ਉਹ ਦੁੱਧ ਨਾਲ ਭਰੇ ਢੋਲ ਦਾ ਢੱਕਣ ਖੋਲ੍ਹੀ ਜਾ ਰਿਹਾ ਸੀ ਤੇ ਚੋਰ ਅੱਖ ਨਾਲ ਉਸ ਕੁੜੀ ਦੇ ਚਿਹਰੇ ਵੱਲ ਵੀ ਵੇਖੀ ਜਾ ਰਿਹਾ ਸੀ। ਉਸ ਨੇ ਕੁੜੀ ਪਾਸੋਂ ਭਾਂਡਾ ਫੜਿਆ, ਉਸ ਵਿੱਚ ਦੁੱਧ ਪਾਇਆ ਅਤੇ ਭਾਂਡਾ ਕੁੜੀ ਵੱਲ ਵਧਾਇਆ। ਭਾਂਡਾ ਫੜਾਉਂਦਿਆਂ ਜੀਤੇ ਦੀਆਂ ਕੱਕਰ ਨਾਲ ਸੀਤ ਹੋਈਆਂ ਉਂਗਲਾਂ ਕੁੜੀ ਦੀਆਂ ਉਂਗਲਾਂ ਨਾਲ ਛੂਹ ਗਈਆਂ। ਉਸ ਨੂੰ ਆਪਣੇ ਸਰੀਰ ਦੇ ਲਹੂ ਵਿੱਚ ਝਰਨਾਹਟ ਜਿਹੀ ਮਹਿਸੂਸ ਹੋਈ ਜਿਵੇਂ ਉਸ ਨੇ ਤਪਦੇ ਲੋਹੇ ਨੂੰ ਛੂਹ ਲਿਆ ਹੋਵੇ।

ਜੀਤਾ ਦੂਜੇ ਦਿਨ ਆਇਆ, ਫੇਰ ਤੀਜੇ ਦਿਨ ਆਇਆ, ਜੀਤੇ ਨੂੰ ਫੇਰ ਹਰ ਰੋਜ਼ ਉਸੇ ਕੁੜੀ ਨੇ ਹੀ ਬੂਹਾ ਖੋਲ੍ਹਿਆ। ਕੁੜੀ ਦੀ ਸਵੇਰੇ ਦੀ ਕੁਝ ਪਲਾਂ ਦੀ ਝਲਕ ਨੇ ਜਿਵੇਂ ਜੀਤੇ ਦਾ ਸਭ ਕੁਝ ਬਦਲ ਕੇ ਰੱਖ ਦਿੱਤਾ। ਟੁੱਟੀ ਜੁੱਤੀ ਪਾਈ ਰੱਖਣ ਵਾਲੇ ਜੀਤੇ ਦੇ ਪੈਰੀਂ ਹੁਣ ਤਿੱਲਾ ਕੱਢੀ ਨੋਕ ਵਾਲੀ ਜੁੱਤੀ ਸੀ। ਮਹੀਨੇ ਦੇ ਅਖੀਰ 'ਤੇ ਦੁੱਧ ਦੇ ਪੈਸੇ ਮਿਲਦਿਆਂ ਸਾਰ ਉਸ ਨੇ ਲਾਲ ਰੰਗ ਦੀ ਇੱਕ ਜਰਸੀ ਖਰੀਦ ਲਈ ਅਤੇ ਪੁਰਾਣੇ ਖੇਸ ਨੂੰ ਲਾਹ ਕੇ ਕਿੱਲੀ 'ਤੇ ਟੰਗ ਦਿੱਤਾ।

ਜਿੱਥੇ ਰੋਜ਼ ਜੀਤੇ ਦੀ ਮਾਂ ਉਸ ਨੂੰ ਸਵੇਰ ਵੇਲੇ ਗਾਲ੍ਹਾਂ ਕੱਢ ਕੇ ਤੇ ਨਿੱਘੀ ਰਜਾਈ ਲਾਹ ਕੇ ਉਠਾਉਂਦੀ ਸੀ, ਜੀਤਾ ਆਪੇ ਹੀ ਫਹੁ ਫੁੱਟਣ ਤੋਂ ਚਿਰਕਾ ਪਹਿਲਾਂ ਜਾਗ ਪੈਂਦਾ। ਬਿਸਤਰਾ ਛੱਡਦੇ ਸਾਰ ਮੱਝਾਂ ਨੂੰ ਕੁਤਰਾ ਪਾ ਸੰਨ੍ਹੀ ਕਰਦਾ, ਧਾਰਾਂ ਕੱਢਦਾ, ਦੁੱਧ ਵਾਲੇ ਢੋਲਾਂ ਨੂੰ ਮਾਂਜਦਾ, ਲਿਸ਼ਕਾਉਂਦਾ ਤੇ ਫੇਰ ਲਾਲ ਜਰਸੀ ਪਹਿਨ ਕੇ ਹਨੇਰੇ ਹਨੇਰੇ ਹੀ ਸ਼ਹਿਰ ਵੱਲ ਚੱਲ ਪੈਂਦਾ। ਉਸ ਦੀ ਮਾਂ ਰਜਾਈ ਵਿੱਚ ਲੇਟੀ ਸ਼ਹਿਰ ਵੱਲ ਜਾਂਦੇ ਜੀਤੇ ਨੂੰ ਪਿੱਛੋਂ ਆਵਾਜ਼ ਮਾਰਦੀ ਰਹਿ ਜਾਂਦੀ।

''ਵੇ ਖੇਸ ਤਾਂ ਲੈ ਜਾ ਉਪਰ, ਦੇਖਦਾ ਨਹੀਂ ਕਿਵੇਂ ਕੱਕਰ ਡਿੱਗਦਾ। ਪਤਾ ਨਹੀਂ ਕਿੱਥੋਂ ਲੈ ਆਇਆ ਇਹ ਪਤਲੀ ਜਿਹੀ ਲਾਲ ਜਰਸੀ। ਵੇ ਨਿਕਰਮਿਆਂ ਵੱਖੀਆਂ ਨੂੰ ਠੰਢ ਲੱਗ ਜਾਊ।'' ਮਾਂ ਰਜਾਈ 'ਚ ਲੰਮੀ ਪਈ ਉਸ ਨੂੰ ਗਾਲ੍ਹਾਂ ਕੱਢਦੀ ਅਤੇ ਕੋਸਦੀ ਰਹਿ ਜਾਂਦੀ, ਪਰ ਜੀਤਾ ਸਾਈਕਲ 'ਤੇ ਚੜ੍ਹ ਉਨ੍ਹਾਂ ਕੁਆਰਟਰਾਂ ਵੱਲ ਚੱਲ ਪੈਂਦਾ ਜਿੱਥੇ ਉਹ ਉਲਝੀਆਂ ਲਿਟਾਂ ਵਾਲੀ ਕੁੜੀ ਰਹਿੰਦੀ ਸੀ, ਜਿਸ ਦੀ ਇੱਕ ਝਲਕ ਪਾਉਣ ਲਈ ਉਹ ਇਹ ਸਾਰਾ ਕੁਝ ਕਰਦਾ ਸੀ।

ਸ਼ਹਿਰ ਜਾ ਕੇ ਉਸ ਨੂੰ ਸੜਕਾਂ ਦੇ ਦੋਵੇਂ ਪਾਸੇ ਜਗਦੇ ਲਾਟੂਆਂ ਵਿਚਕਾਰ ਬਾਬੂਆਂ ਦੇ ਕੁਆਰਟਰ ਦਿਸਦੇ, ਜਿਹੜੇ ਜਿਵੇਂ ਹਨੇਰੇ ਵਿੱਚ ਬਿਲਕੁਲ ਚੁੱਪਚਾਪ ਇੱਕੋਂ ਥਾਂ ਖੜ੍ਹੇ ਠੰਢ ਨਾਲ ਕੰਬਦੇ ਸੌਂ ਰਹੇ ਹੋਣ। ਜੀਤਾ ਦੂਰੋਂ ਸਾਈਕਲ 'ਤੇ ਲੱਗਾ ਹਾਰਨ ਵਜਾਉਣਾ ਸ਼ੁਰੂ ਕਰ ਦਿੰਦਾ। ਹਾਰਨ ਦੀ ਉਚੀ ਆਵਾਜ਼ ਇੱਕ ਵਾਰੀ ਜਿਵੇਂ ਗੂੜ੍ਹੀ ਨੀਂਦੇ ਸੁੱਤੇ ਕੁਆਰਟਰਾਂ ਨੂੰ ਜਗਾ ਦਿੰਦੀ, ਜਿਸ ਵਿੱਚ ਉਹ ਖਿੰਡੀਆਂ ਲਿਟਾਂ ਵਾਲੀ ਕੁੜੀ ਰਹਿੰਦੀ ਸੀ, ਜਿਸ ਦੀ ਇੱਕ ਤੱਕਣੀ ਨੇ ਜੀਤੇ ਨੂੰ ਜਿਵੇਂ ਨਵਾਂ ਜਨਮ ਦੇ ਦਿੱਤਾ ਸੀ। ਬੂਹਾ ਖੋਲ੍ਹ ਉਹ ਕੁੜੀ ਦਹਿਲੀਜ਼ ਵਿੱਚ ਖੜ੍ਹੀ ਹੋ ਜਾਂਦੀ। ਕਮਰੇ ਵਿੱਚੋਂ ਆਏ ਚਾਨਣ ਵਿੱਚ ਕੁੜੀ ਦੇ ਚਿਹਰੇ ਵੱਲ ਦੇਖਦਾ ਹੋਇਆ ਜੀਤਾ ਉਸ ਦੇ ਹੱਥੋਂ ਭਾਂਡਾ ਫੜ ਲੈਂਦਾ। ਬੁੱਘੇ ਭਰ-ਭਰ ਭਾਂਡੇ ਵਿੱਚ ਪਾਈ ਜਾਂਦਾ ਤੇ ਚੋਰ ਅੱਖ ਨਾਲ ਉਸ ਵੱਲ ਦੇਖਦਾ ਰਹਿੰਦਾ। ਕੁੜੀ ਜੀਤੇ ਦੇ ਹੱਥੋਂ ਦੁੱਧ ਵਾਲਾ ਭਾਂਡਾ ਲੈ ਬੂਹਾ ਭੇੜ ਲੈਂਦੀ। ਜੀਤਾ ਉਸੇ ਥਾਂ ਕੁਝ ਚਿਰ ਚੁੱਪ ਖੜ੍ਹਿਆ ਬੂਹੇ ਦੀਆਂ ਝੀਤਾਂ ਵਿੱਚੋਂ ਛਣ-ਛਣ ਕੇ ਆਉਂਦੇ ਚਾਨਣ ਵੱਲ ਦੇਖਦਾ ਰਹਿੰਦਾ। ਫੇਰ ਪਤਾ ਨਹੀਂ ਕਿਉਂ ਉਸ ਦਾ ਅੰਦਰ ਉਦਾਸਿਆ ਜਾਂਦਾ, ਪਰ ਉਹ ਛੇਤੀ ਹੀ ਉਸ ਉਦਾਸੀ ਵਿੱਚੋਂ ਬਾਹਰ ਨਿਕਲ ਆਉਂਦਾ ਅਤੇ ਸਿਰ ਨੂੰ ਝਟਕਾ ਦੇ ਕੇ ਆਪਣੇ ਵਿੱਚ ਮੁਸਕਰਾ ਕੇ ਸਾਈਕਲ ਧਰੀਕਦਾ ਹੋਇਆ ਅਗਲੇ ਕੁਆਰਟਰਾਂ ਵੱਲ ਟੁਰ ਪੈਂਦਾ।

ਉਹ ਪਹਿਲਾਂ ਵਾਲਾ ਜੀਤਾ ਨਹੀਂ ਸੀ ਰਿਹਾ। ਉਹ ਜਿਵੇਂ ਸਾਰਾ ਇੱਕੋ ਵਾਰੀ ਬਦਲ ਗਿਆ ਸੀ। ਉਸ ਨੂੰ ਨਹੀਂ ਸੀ ਪਤਾ ਇਹ ਪਰਿਵਰਤਨ ਕਿਵੇਂ ਆਇਆ ਸੀ। ਉਹ ਸ਼ੁਦਾਈਆਂ ਵਾਂਗ ਸਵੇਰੇ ਹੀ ਉਸ ਕੁੜੀ ਦੇ ਬੂਹੇ ਅੱਗੇ ਖੜ੍ਹੋ ਜ਼ੋਰ-ਜ਼ੋਰ ਦੀ ਹਾਰਨ ਵਜਾਉਣ ਲੱਗ ਪੈਂਦਾ। ਕੁੜੀ ਦੀ ਇੱਕ ਝਲਕ ਉਸ ਦੀਆਂ ਅੱਖਾਂ ਵਿੱਚ ਜਿਵੇਂ ਖ਼ੁਮਾਰ ਭਰ ਦਿੰਦੀ। ਉਹ ਸਾਰਾ ਦਿਨ ਉਸ ਖ਼ੁਮਾਰ ਨੂੰ ਸਾਂਭੀ ਚੁੱਪ-ਚਾਪ ਕੰਮ ਕਰਦਾ ਰਹਿੰਦਾ। ਕਿਸੇ ਨਾਲ ਕੁਝ ਨਾ ਬੋਲਦਾ।

ਜੀਤੇ ਦੀ ਮਾਂ ਕਈ ਵਾਰੀ ਉਸ ਬਾਰੇ ਸੋਚਦੀ, ''ਇਹ ਕੀ ਹੋ ਗਿਆ ਮੇਰੇ ਪੁੱਤ ਨੂੰ? ਕਿਵੇਂ ਚੁੱਪਚਾਪ ਰਹਿੰਦਾ? ਕਿਸੇ ਨੂੰ ਕੁਝ ਨਹੀਂ ਕਹਿੰਦਾ। ਸਵੇਰ ਵੇਲੇ ਬਿਨਾਂ ਗਾਲ੍ਹਾਂ ਖਾਇਆਂ ਉਠ ਖੜੋਂਦਾ। ਮੱਝਾਂ ਲਈ ਕਿਵੇਂ ਪਿਆਰ ਨਾਲ ਕੁਤਰਾ ਕਰਦਾ, ਸੰਨ੍ਹੀ ਰਲਾਉਂਦਾ। ਧਾਰਾਂ ਕੱਢਦਾ। ਮੂੰਹ ਹਨੇਰੇ ਢੋਲਾਂ ਵਿੱਚ ਦੁੱਧ ਭਰ ਕੱਕਰ ਡਿੱਗਦੀ ਠੰਢ ਵਿੱਚ ਪਤਲੀ ਜਿਹੀ ਲਾਲ ਜਰਸੀ ਪਹਿਨ ਸ਼ਹਿਰ ਵੱਲ ਟੁਰ ਪੈਂਦਾ। ਇਹ ਕਦੇ ਕਿਸੇ ਨਾਲ ਨਹੀਂ ਲੜਦਾ। ਕਿਉਂ ਚੁੱਪ-ਚੁੱਪ ਹੋ ਗਿਆ ਇਹ?'' ਪਰ ਉਸ ਦੀ ਸਮਝ ਵਿੱਚ ਕੁਝ ਨਾ ਆਉਂਦਾ।

ਇੱਕ ਦਿਨ ਪਤਾ ਨਹੀਂ ਜੀਤੇ ਦੇ ਮਨ ਵਿੱਚ ਕੀ ਆਇਆ। ਉਸ ਨੇ ਸਾਈਕਲ 'ਤੇ ਲੱਗਿਆ ਛੋਟਾ ਹਾਰਨ ਲਾਹ ਕੇ ਨਵਾਂ ਲਵਾ ਲਿਆ ਤਾਂ ਕਿ ਉਸ ਦੀ ਆਵਾਜ਼ ਕੁਆਰਟਰਾਂ ਵਿੱਚ ਗੁੰਜਾਰ ਪੈਦਾ ਕਰ ਸਕੇ। ਸਾਈਕਲ ਦੇ ਮਡਗਾਰਡਾਂ ਦੇ ਪੇਚ ਢਿੱਲੇ ਕਰ ਲਏ ਤਾਂ ਕਿ ਸਾਈਕਲ ਦੀ ਖੜ-ਖੜ ਦੀ ਆਵਾਜ਼ ਨਾਲ ਸਭ ਨੂੰ ਉਸ ਦੇ ਆਉਣ ਦਾ ਪਤਾ ਲੱਗ ਜਾਵੇ।

ਸਵੇਰ ਵੇਲੇ ਉਸ ਨੂੰ ਕਦੇ ਦੇਰ ਨਾ ਹੁੰਦੀ। ਕਦੇ ਵੀ ਕੋਈ ਬਾਬੂ ਉਸ ਨੂੰ ਨਾ ਕੋਸਦਾ। ਜਦੋਂ ਬਾਬੂਆਂ ਦੇ ਭਾਂਡਿਆਂ ਵਿੱਚ ਦੁੱਧ ਪਾਉਂਦਾ ਤਾਂ ਝੂੰਗੇ ਦੀ ਥਾਂ ਖਾਸਾ ਸਾਰਾ ਦੁੱਧ ਫਾਲਤੂ ਦੇ ਦਿੰਦਾ। ਅੱਗੇ ਜਦੋਂ ਮਹੀਨੇ ਦੀ ਪਹਿਲੀ ਤਰੀਕ ਨੂੰ ਉਹ ਹਿਸਾਬ ਕਰਦਾ ਸੀ ਤਾਂ ਪੈਸੇ-ਪੈਸੇ ਲਈ ਝਗੜਦਾ ਸੀ, ਪਰ ਉਹ ਅੱਜਕੱਲ੍ਹ ਕਿਸੇ ਨੂੰ ਕੁਝ ਨਾ ਕਹਿੰਦਾ। ਸਭ ਬਾਬੂਆਂ ਨੂੰ ਉਹ ਬਹੁਤ ਚੰਗਾ ਲੱਗਦਾ।

ਇੱਕ ਦਿਨ ਜੀਤਾ ਰੋਜ਼ ਵਾਂਗ ਉਸ ਕੁੜੀ ਦੇ ਬੰਦ ਬੂਹੇ ਮੂਹਰੇ ਆ ਕੇ ਖੜੋ ਗਿਆ। ਕੁਝ ਚਿਰ ਲਈ ਚੁੱਪ ਬੰਦ ਬੂਹੇ ਵੱਲ ਵੇਖਦਾ ਰਿਹਾ। ਫੇਰ ਠੰਢ ਨਾਲ ਸੀਤ ਹੋਏ ਹੱਥਾਂ ਨਾਲ ਹਾਰਨ ਵਜਾਇਆ। ਬੂਹਾ ਪਹਿਲਾਂ ਵਾਂਗ ਛੇਤੀ ਨਾ ਖੁੱਲ੍ਹਿਆ। ਜੀਤੇ ਦਾ ਦਿਲ ਕਿਸੇ ਡਰ ਜਿਹੇ ਨਾਲ ਤੇਜ਼-ਤੇਜ਼ ਧੜਕਣ ਲੱਗਾ, ਜਿਵੇਂ ਕੁਝ ਮਾੜਾ ਹੋਣ ਵਾਲਾ ਸੀ। ਫੇਰ ਓਹੀ ਹੋਇਆ।

ਕੁਝ ਚਿਰ ਦੀ ਉਡੀਕ ਪਿੱਛੋਂ ਕਮਰੇ ਅੰਦਰ ਚਾਨਣ ਹੋਇਆ, ਬੂਹਾ ਖੁੱਲ੍ਹਿਆ, ਪਰ ਉਸ ਚਾਨਣ ਵਿੱਚ ਜੀਤੇ ਨੂੰ ਖਿੰਡੀਆਂ ਲਿਟਾਂ ਵਾਲੀ ਕੁੜੀ ਨਾ ਦਿਸੀ ਸਗੋਂ ਉਹ ਪਹਿਲਾਂ ਵਾਲਾ ਮੋਟਾ ਬਾਬੂ ਹੱਥ ਵਿੱਚ ਦੁੱਧ ਦਾ ਭਾਂਡਾ ਫੜੀ ਖੜੋਤਾ ਸੀ। ਜਿਸ ਦਾ ਢਿੱਡ ਹੇਠਾਂ ਨੂੰ ਲਮਕਿਆ ਹੋਇਆ ਸੀ।

ਜੀਤੇ ਨੇ ਬਾਬੂ ਕੋਲੋਂ ਕੁੜੀ ਬਾਰੇ ਕੁਝ ਨਾ ਪੁੱਛਿਆ। ਉਸ ਨੇ ਭਾਂਡੇ ਵਿੱਚ ਦੁੱਧ ਪਾਇਆ ਅਤੇ ਉਹ ਚੁੱਪਚਾਪ ਅੱਗੇ ਦੇ ਕੁਆਰਟਰਾਂ ਵੱਲ ਨੂੰ ਟੁਰ ਪਿਆ। ਜੀਤਾ ਅਗਲੇ ਦਿਨ ਆਇਆ, ਫੇਰ ਉਸ ਤੋਂ ਅਗਲੇ ਦਿਨ ਆਇਆ। ਇਸ ਤਰ੍ਹਾਂ ਉਹ ਕਈ ਦਿਨ ਆਉਂਦਾ ਰਿਹਾ। ਕਮਰੇ ਅੰਦਰ ਚਾਨਣ ਹੁੰਦਾ। ਬੰਦ ਬੂਹੇ ਦੀ ਚਿਟਕਣੀ ਨੂੰ ਕੋਈ ਹੱਥ ਪਾਉਂਦਾ, ਬੂਹਾ ਖੁੱਲ੍ਹਦਾ ਅਤੇ ਜਗਦੇ ਲਾਟੂ ਦਾ ਚਾਨਣ ਬਾਹਰ ਆਉਂਦਾ, ਪਰ ਜੀਤੇ ਨੂੰ ਉਸ ਚਾਨਣ ਵਿੱਚ ਰੋਜ਼ ਉਹੀ ਮੋਟਾ ਬਾਬੂ ਦਿਸਦਾ।

ਇਸੇ ਤਰ੍ਹਾਂ ਦਿਨ ਲੰਘਦੇ ਗਏ, ਪਰ ਉਹ ਰਾਤ ਦੀਆਂ ਉਲਝੀਆਂ ਲਿਟਾਂ ਵਾਲੀ ਕੁੜੀ ਜੀਤੇ ਨੂੰ ਫੇਰ ਦਿਖਾਈ ਨਾ ਦਿੱਤੀ। ਇੱਕ ਦਿਨ ਉਹ ਉਚੇਚਾ ਬਹੁਤ ਦਿਨ ਚੜ੍ਹੇ ਉਸ ਬਾਬੂ ਦੇ ਕੁਆਰਟਰ ਮੂਹਰੇ ਆਇਆ ਤੇ ਚੋਰੀ ਨਾਲ ਡਰਦੇ ਹੋਏ ਉਸ ਅੱਗੇ ਖੇਡਦੇ ਇੱਕ ਮੁੰਡੇ ਕੋਲੋਂ ਰਾਤ ਦੀਆਂ ਖਿੰਡੀਆਂ ਲਿੱਟਾਂ ਵਾਲੀ ਕੁੜੀ ਬਾਰੇ ਪੁੱਛਿਆ। ਉਸ ਮੁੰਡੇ ਕੋਲੋਂ ਜੀਤੇ ਨੂੰ ਇੰਨਾ ਹੀ ਪਤਾ ਲੱਗਾ ਕਿ ਉਹ ਕੁੜੀ ਮੁੜ ਆਪਣੇ ਘਰ ਚਲੀ ਗਈ ਹੈ।

ਦਿਨ ਲੰਘਦੇ ਗਏ ਅਤੇ ਲੰਘਦੇ ਹੀ ਗਏ। ਜੀਤਾ ਫੇਰ ਸਵੇਰੇ ਚਿਰਕਾ ਉਠਦਾ। ਮਾਂ ਰੋਜ਼ ਉਸ ਨੂੰ ਗਾਲ੍ਹਾਂ ਕੱਢਦੀ, ਪਰ ਉਹ ਉਸੇ ਤਰ੍ਹਾਂ ਰਜਾਈ ਵਿੱਚ ਮਚਲਿਆ ਪਿਆ ਰਹਿੰਦਾ। ਦੁੱਧ ਵਾਲੇ ਢੋਲਾਂ ਨੂੰ ਉਹ ਕਦੇ ਨਾਂ ਮਾਂਜਦਾ। ਕੱਪੜੇ ਉਸ ਦੇ ਜਿਸ ਤਰ੍ਹਾਂ ਦੇ ਵੀ ਹੁੰਦੇ ਪਹਿਨੀ ਰੱਖਦਾ। ਲਾਲ ਜਰਸੀ ਦੀ ਥਾਂ ਉਸ ਨੇ ਫੇਰ ਉਹ ਪੁਰਾਣਾ ਖੇਸ ਲੈ ਲਿਆ।

ਇੱਕ ਦਿਨ ਉਸ ਨੇ ਸਾਈਕਲ ਦੇ ਮਡਗਾਰਡਾਂ ਦੇ ਦੋਵੇਂ ਪੇਚ ਕੱਸ ਦਿੱਤੇ। ਜਦੋਂ ਵੀ ਸਵੇਰੇ ਉਹ ਘਰੋਂ ਟੁਰਦਾ ਉਹ ਪੁਰਾਣੇ ਖੇਸ ਦੀ ਬੁੱਕਲ ਮਾਰ ਲੈਂਦਾ। ਉਹ ਕਦੀ ਵੀ ਸਵੇਰੇ ਵੇਲੇ ਪਗਡੰਡੀਆਂ 'ਤੇ ਸਾਈਕਲ ਨਾ ਨਸਾਉਂਦਾ। ਕੁਆਰਟਰਾਂ ਵਿੱਚ ਪਹੁੰਚ ਉਹ ਪਹਿਲਾਂ ਵਾਂਗ ਜ਼ੋਰ-ਸ਼ੋਰ ਦਾ ਹਾਰਨ ਨਾ ਵਜਾਉਂਦਾ। ਉਹ ਝੂੰਗੇ ਵਿੱਚ ਕਿਸੇ ਨੂੰ ਫਾਲਤੂ ਦੁੱਧ ਨਾ ਦਿੰਦਾ। ਬਾਬੂਆਂ ਨਾਲ ਪਹਿਲਾਂ ਵਾਂਗ ਲੜ-ਲੜ ਕੇ ਹਿਸਾਬ ਕਰਦਾ।

ਸਭ ਦੇ ਸਭ ਬਾਬੂ ਉਸ ਨੂੰ ਕੋਸਦੇ ਤੇ ਗਾਲ੍ਹਾਂ ਕੱਢਦੇ, ਪਰ ਉਹ ਕਿਸੇ ਦੀ ਪ੍ਰਵਾਹ ਨਾ ਕਰਦਾ, ਸਗੋਂ ਉਹ ਚੁੱਪਚਾਪ ਦੁੱਧ ਵੰਡਦਾ ਅੱਗੇ ਟੁਰਦਾ ਜਾਂਦਾ। ਸਭ ਦੇ ਸਭ ਬਾਬੂ ਉਸ ਨੂੰ ਆਪਣੇ ਵੈਰੀ ਜਾਪਦੇ, ਜਿਵੇਂ ਉਨ੍ਹਾਂ ਸਾਰਿਆਂ ਨੇ ਇੱਕ ਦਿਨ ਇਕੱਠੇ ਹੋ ਉਸ ਦੀ ਖੁਸ਼ੀ ਖੋਹ ਲਈ ਹੋਵੇ, ਜੀਵਨ ਦੇ ਕੁਝ ਪਲਾਂ ਦੀ ਖੁਸ਼ੀ।

# ਰਾਮ ਮੰਦਰ ਦੀ ਨੀਂਹ ਵਿੱਚ ਪਾਕਿਸਤਾਨੀ ਮੰਦਰ ਦੀ ਮਿੱਟੀ ਪਵੇਗੀ

ਅਯੁੱਧਿਆ, 3 ਅਗਸਤ (ਪੋਸਟ ਬਿਊਰੋ)- ਰਾਮ ਮੰਦਰ ਦੀ ਨੀਂਹ ਵਿੱਚ ਪਾਕਿਸਤਾਨੀ ਪੰਜਾਬ ਸੂਬੇ ਦੇ ਉਤਰੀ ਹਿੱਸੇ ਵਿਚਲੇ ਕਟਾਸਰਾਜ ਮੰਦਰ ਦੀ ਮਿੱਟੀ ਅਤੇ ਜਲ ਵੀ ਪਾਏ ਜਾਣਗੇ। ਪਤਾ ਲੱਗਾ ਹੈ ਕਿ ਦਿੱਲੀ ਤੋਂ ਮਹਿਰੌਲੀ ਦੇ ਰਾਮਰਤਨ ਗੋਇਲ ਇਸ ਮੰਦਰ ਦਾ ਜਲ ਅਤੇ ਮਿੱਟੀ ਨੂੰ ਲੈ ਕੇ ਅਯੁੱਧਿਆ ਪਹੁੰਚੇ ਹਨ ਅਤੇ ਉਨ੍ਹਾਂ ਨੇ ਰਾਮ ਮੰਦਰ ਟਰੱਸਟ ਦੇ ਮੁੱਖ ਦਫਤਰ ਵਿੱਚ ਪਾਕਿਸਤਾਨ ਦੇ ਕਟਾਸਰਾਜ ਦੀ ਮਿੱਟੀ ਅਤੇ ਜਲ ਜਮ੍ਹਾ ਕਰਾਇਆ ਹੈ।

ਵਰਨਣ ਯੋਗ ਹੈ ਕਿ ਭਗਵਾਨ ਸ਼ਿਵ ਦਾ ਪਾਕਿਸਤਾਨ ਵਿਚਾਲ ਇਹ ਪ੍ਰਸਿੱਧ ਮੰਦਰ ਹਿੰਦੂਆਂ ਦੀ ਆਸਥਾ ਦਾ ਵੱਡਾ ਕੇਂਦਰ ਹੈ, ਜਿੱਥੇ ਦਰਸ਼ਨਾਂ ਲਈ ਭਾਰਤ ਤੋਂ ਵੀ ਲੋਕ ਜਾਂਦੇ ਹਨ। ਰਾਮਰਤਨ ਕਟਾਸਰਾਜ ਮੰਦਰ ਵਿੱਚ ਸ਼ਿਵ ਦਾ ਦਰਸ਼ਨ ਕਰਨ ਗਏ ਤਾਂ ਰਾਮ ਮੰਦਰ ਉਸਾਰੀ ਲਈ ਮੰਦਰ ਦੀ ਮਿੱਟੀ ਅਤੇ ਜਲ ਲੈ ਕੇ ਆਏ ਹਨ।

ਇਸ ਦੇ ਇਲਾਵਾ ਸ੍ਰੀਲੰਕਾ ਦੇ ਕੋਲੰਬੋ ਤੋਂ ਵੀ ਮਿੱਟੀ ਅਤੇ ਜਲ ਕੱਲ੍ਹ ਆ ਰਿਹਾ ਹੈ ਤੇ ਨੇਪਾਲ ਦੇ ਜਨਕਪੁਰੀ ਤੋਂ ਵੀ ਮਿੱਟੀ ਅਤੇ ਜਲ ਪਹੁੰਚ ਚੁੱਕਾ ਹੈ। ਟਰੱਸਟ ਦਫਤਰ ਦੇ ਇੰਚਾਰਜ ਪ੍ਰਕਾਸ਼ ਗੁਪਤਾ ਨੇ ਇਸ ਦੀ ਪੁਸ਼ਟੀ ਕੀਤੀ ਹੈ। ਦੂਜੇ ਪਾਸੇ ਸ੍ਰੀ ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਸੈਕਟਰੀ ਚੰਪਤ ਰਾਮ ਨੇ ਦੱਸਿਆ ਕਿ ਸਾਰੇ ਦੇਸ਼ ਵਿੱਚ ਖੁਸ਼ੀ ਦਾ ਮਾਹੌਲ ਅਤੇ ਦੋ ਹਜ਼ਾਰ ਤੋਂ ਵੱਧ ਸਥਾਨਾਂ ਅਤੇ ਸੌ ਤੋਂ ਵੱਧ ਪਵਿੱਤਰ ਨਦੀਆਂ ਅਤੇ ਸੈਂਕੜੇ ਕੁੰਡਾਂ ਦਾ ਜਲ ਰਾਮਭਗਤ ਖੁਦ ਲੈ ਕੇ ਆਏ ਹਨ। ਕੋਰੀਅਰ ਰਾਹੀਂ ਵੀ ਭਾਰਤ ਦੇ ਕੋਨੇ ਕੋਨੇ ਤੋਂ ਹਜ਼ਾਰਾਂ ਅਸਥਾਨਾਂ ਦਾ ਜਲ ਅਤੇ ਮਿੱਟੀ ਏਥੇ ਤੀਰਥ ਖੇਤਰ ਟਰੱਸਟ ਦਫਤਰ ਅਤੇ ਕਾਰਸੇਵਕਪੁਰਮ ਵਿੱਚ ਪੁੱਜੀ ਹੈ। ਉਨ੍ਹਾਂ ਦੱਸਿਆ ਕਿ ਗੰਗਾ, ਜਮਨਾ, ਨਰਮਦਾ, ਗੋਦਾਵਰੀ, ਕ੍ਰਿਸ਼ਨਾ, ਕਾਵੇਰੀ, ਸਿੰਧ, ਬ੍ਰਹਮਪੁੱਤਰ, ਜਿਹਲਮ, ਸਤਲੁਜ, ਰਾਵੀ, ਚਨਾਬ, ਬਿਆਸ ਸਮੇਤ ਹੋਰ ਪਵਿੱਤਰ ਨਦੀਆਂ ਦਾ ਜਲ ਵੀ ਆ ਗਿਆ ਹੈ। ਹਲਦੀ ਘਾਟੀ, ਚਿਤੌੜ ਦੁਰਗ, ਸਵਰਣ ਮੰਦਰ, ਵੈਸ਼ਨੋ ਦੇਵੀ ਮੰਦਰ, ਮੇਸੇਕਰ ਘਾਟ ਕਾਨਪੁਰ ਬਿਠੁਰ, ਬ੍ਰਹਮਖੂੰਟੀ, ਨਾਨਾ ਸਾਹਿਬ ਪੇਸ਼ਵਾ ਦੇ ਕਿਲੇ ਦੀ ਮਿੱਟੀ ਵੀ ਆ ਚੁੱਕੀ ਹੈ।

# ਭਾਰਤ ਵਿੱਚ 1.5 ਲੱਖ ਪੋਸਟ ਆਫਿਸਿਜ਼ ਨੂੰ ਡਾਕ ਬੈਂਕ ਬਣਾਇਆ ਜਾਵੇਗਾ



ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਭਾਰਤ 'ਚ ਵਿੱਤੀ ਸ਼ਮੂਲੀਅਤ ਨੂੰ ਵਧਾਉਣ ਲਈ ਨੀਤੀ ਆਯੋਗ ਨੇ ਡਾਕ ਬੈਂਕ ਜਾਂ ਪੋਸਟਲ ਬੈਂਕ ਬਣਾਉਣ ਦਾ ਸੁਝਾਅ ਦਿੱਤਾ ਹੈ। ਇਸ ਤੋਂ ਇਲਾਵਾ ਆਯੋਗ ਨੇ ਸਰਕਾਰ ਵੱਲੋਂ ਖੇਤਰੀ ਪੇਂਡੂ ਬੈਂਕਾਂ (ਆਰ ਆਰ ਬੀ) ਦਾ ਰਲੇਵਾਂ ਕਰਨ ਸਮੇਤ ਕਈ ਤਰ੍ਹਾਂ ਦੀਆਂ ਸਿਫਾਰਿਸ਼ਾਂ ਕੀਤੀਆਂ ਹਨ। ਮਿਲੀ ਜਾਣਕਾਰੀ ਮੁਤਾਬਕ ਪਿੱਛੇ ਜਿਹੇ ਪ੍ਰਧਾਨ ਮੰਤਰੀ ਦਫ਼ਤਰ ਅਤੇ ਵਿੱਤ ਮੰਤਰਾਲਾ ਸਾਹਮਣੇ ਦਿੱਤੀ ਪ੍ਰਜ਼ੈਂਟਸ਼ਨ 'ਚ ਨੀਤੀ ਆਯੋਗ ਨੇ ਕਈ ਸੁਝਾਅ ਦਿੱਤੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਦੇਸ਼ ਦੇ 1.5 ਲੱਖ ਪੋਸਟ ਆਫਿਸਿਜ਼ ਨੂੰ ਡਾਕ ਬੈਂਕ ਦਾ ਆਊਟਲੈਟ ਬਣਾਇਆ ਜਾਵੇ। ਇਸ ਤੋਂ ਇਲਾਵਾ ਥਿੰਕ ਟੈਂਕ ਨੇ ਕਿਹਾ ਹੈ ਕਿ ਬੈਂਕ ਲਾਇਸੈਂਸ ਦੇਣ ਦੀਆਂ ਸ਼ਰਤਾਂ ਨੂੰ ਵੀ ਆਸਾਨ ਬਣਾਇਆ ਜਾਵੇ। ਇੱਕ ਹੋਰ ਸਿਫਾਰਿਸ਼ 'ਚ ਨੀਤੀ ਆਯੋਗ ਨੇ ਤਿੰਨ ਬੈਂਕਾਂ ਦੇ ਪ੍ਰਾਈਵੇਟ ਕਰਨ ਦਾ ਸੁਝਾਅ ਦਿੱਤਾ ਹੈ। ਇਸ ਤੋਂ ਜਾਣੂ ਸੂਤਰਾਂ ਮੁਤਾਬਕ ਨੀਤੀ ਆਯੋਗ ਨੇ ਪੰਜਾਬ ਐਂਡ ਸਿੰਧ ਬੈਂਕ, ਯੂ ਕੇ ਅਤੇ ਬੈਂਕ ਆਫ ਮਹਾਰਾਸ਼ਟਰ ਨੂੰ ਪ੍ਰਾਈਵੇਟ ਕਰਨ ਦਾ ਸੁਝਾਅ ਦਿੱਤਾ ਹੈ ਅਤੇ ਇਹ ਸੁਝਾਅ ਓਦੋਂ ਆਏ ਹਨ, ਜਦੋਂ ਨਵੀਂ ਨੀਤੀ ਮੁਤਾਬਕ ਸਰਕਾਰ ਪਹਿਲਾਂ ਹੀ ਬੈਂਕਿੰਗ ਅਤੇ ਇੰਸ਼ੋਰੈਂਸ ਸੈਕਟਰ ਨੂੰ ਨਵਾਂ ਰੰਗ ਦੇਣ ਬਾਰੇ ਵਿਚਾਰ ਕਰ ਰਹੀ ਹੈ। ਸਰਕਾਰੀ ਬੈਂਕਾਂ ਦੇ ਪ੍ਰਾਈਵੇਈਜ਼ੇਸ਼ਨ ਨਾਲ ਸਰਕਾਰ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਬੈਂਕ ਯੂਨੀਅਨਜ਼ ਵੀ ਵਿਰੋਧ ਪ੍ਰਦਰਸ਼ਨ ਕਰ ਸਕਦੀਆਂ ਹਨ। ਬੈਂਕਿੰਗ ਸੈਕਟਰ 'ਚ ਕੀਤਾ ਗਿਆ ਤਾਜ਼ਾਂ ਰਲੇਵਾਂ 1 ਅਪ੍ਰੈਲ ਤੋਂ ਲਾਗੂ ਹੋਇਆ ਹੈ। ਇਸ ਸਮੇਂ ਦੇਸ਼ 'ਚ 12 ਸਰਕਾਰੀ ਬੈਂਕ ਹਨ, ਜਦੋਂ ਕਿ 2017 'ਚ ਇਨ੍ਹਾਂ ਦੀ ਗਿਣਤੀ 27 ਸੀ। ਮਈ 'ਚ ਆਤਮ ਨਿਰਭਰ ਭਾਰਤ ਪੈਕੇਜ ਦਾ ਐਲਾਨ ਕਰਦੇ ਸਮੇਂ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਕਿਹਾ ਸੀ ਕਿ ਸਰਕਾਰ ਜਲਦ ਹੀ ਨਵੀਂ ਪਬਲਿਕ ਸੈਕਟਰ ਐਂਟਰਪ੍ਰਾਈਜ਼ਿਜ਼ ਪਾਲਿਸੀ ਲਿਆਵੇਗੀ ਅਤੇ ਇਸ ਦੇ ਬਾਅਦ ਸਾਰੇ ਸੈਕਟਰ ਨੂੰ ਪ੍ਰਾਈਵੇਟ ਸੈਕਟਰ ਲਈ ਖੋਲ੍ਹਿਆ ਜਾਵੇਗਾ।

# ਵਿਦੇਸ਼ ਤੋਂ ਆਉਂਦੇ ਲੋਕਾਂ ਲਈ ਨਵੇਂ ਨਿਰਦੇਸ਼, 72 ਘੰਟੇ ਪਹਿਲਾਂ ਜਾਣਕਾਰੀ ਦੇਣੀ ਹੋਵੇਗੀ

ਨਵੀਂ ਦਿੱਲੀ, 3 ਅਗਸਤ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਵਿਦੇਸ਼ਾਂ ਤੋਂ ਭਾਰਤ ਆਉਂਦੇ ਲੋਕਾਂ ਲਈ ਕੋਵਿਡ 19 ਮਹਾਮਾਰੀ ਦੇ ਕਾਰਨ ਕੱਲ੍ਹ ਨਵੇਂ ਨਿਰਦੇਸ਼ ਜਾਰੀ ਕੀਤੇ ਹਨ। ਇਸ ਦੇ ਤਹਿਤ ਜ਼ਰੂਰੀ ਸਰਕਾਰੀ ਕਵਾਰੰਟਾਈਨ ਤੋਂ ਛੋਟ ਦੇ ਲਈ ਯਾਤਰਾ ਕਰਨ ਤੋਂ ਪਹਿਲਾਂ ਹੀ ਆਨਲਾਈਨ ਅਪਲਾਈ ਕਰਨ ਹੋਵੇਗਾ। ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਨੇ ਦੱਸਿਆ ਕਿ ਨਵੇਂ ਨਿਰਦੇਸ਼ ਅੱਠ ਅਗਸਤ ਤੋਂ ਲਾਗੂ ਹੋਣਗੇ। ਇਸ ਵਿੱਚ ਸਿਰਫ ਕੁਝ ਵਰਗਾਂ ਦੇ ਲੋਕਾਂ ਨੂੰ ਜ਼ਰੂਰੀ ਸਰਕਾਰੀਂ ਕਵਾਰੰਟਾਈਨ ਤੋਂ ਛੋਟ ਦਿੱਤੀ ਜਾਏਗੀ, ਜਿਸ ਲਈ ਉਨ੍ਹਾਂ ਨੂੰ ਯਾਤਰਾ ਕਰਨ ਤੋਂ ਘੱਟ ਤੋਂ ਘੱਟ 72 ਘੰਟੇ ਪਹਿਲਾਂ ਆਨਲਾਈਨ ਪੋਰਟਲ 'ਤੇ ਅਪਲਾਈ ਕਰਨਾ ਹੋਵੇਗਾ। ਜੇ ਕੋਈ ਯਾਤਰੀ ਜਹਾਜ਼ ਵਿੱਚ ਸਵਾਰ ਹੋਣ ਤੋਂ 96 ਘੰਟੇ ਪਹਿਲਾਂ ਕੋਵਿਡ 19 ਦੀ ਜਾਂਚ ਕਰਾਉਂਦਾ ਹੈ ਅਤੇ ਉਸ ਦੀ ਰਿਪੋਰਟ ਨੈਗੇਟਿਵ ਆਉਂਦੀ ਹੈ ਤਾਂ ਉਸ ਨੂੰ ਸਰਕਾਰੀ ਕਵਾਰੰਟਾਈਨ ਤੋਂ ਛੋਟ ਮਿਲ ਜਾਏਗੀ, ਪਰ ਘਰ ਵਿੱਚ 14 ਦਿਨ ਤੱਕ ਕਵਾਰੰਟਾਈਨ ਰਹਿਣਾ ਹੋਵੇਗਾ। ਨਵੇਂ ਨਿਰੇਦਸ਼ਾਂ ਮੁਤਾਬਕ ਕਵਾਰੰਟਾਈਨ ਤੋਂ ਛੋਟ ਲਈ ਆਨਲਾਈਨ ਅਪਲਾਈ ਕਰਨ ਪਿੱਛੋਂ ਸਰਕਾਰ ਦਾ ਜੋ ਵੀ ਫੈਸਲਾ ਹੋਵੇਗਾ, ਉਹ ਅੰਤਿਮ ਹੋਵੇਗਾ ਅਤੇ ਫਿਰ ਉਸ ਵਿੱਚ ਕੋਈ ਬਦਲਾਅ ਨਹੀਂ ਕੀਤਾ ਜਾਏਗਾ।

ਇਸ ਵਕਤ ਜਾਰੀ ਵਿਵਸਥਾ ਹੇਠ ਲੋਕ ਭਾਰਤ ਆਉਣ ਪਿੱਛੋਂ ਇੰਟਰੀ ਸਥਾਨ 'ਤੇ ਕਵਾਰੰਟਾਈਨ ਤੋਂ ਛੋਟ ਲਈ ਅਪਲਾਈ ਕਰਦੇ ਸਨ ਤਾਂ ਇਸ ਵਿੱਚ ਕਾਫੀ ਸਮਾਂ ਲੱਗਦਾ ਸੀ ਅਤੇ ਹਵਾਈ ਅੱਡੇ ਦੇ ਨਿਕਾਸ 'ਤੇ ਲੰਬੀਆਂ ਲਾਈਨਾਂ ਲੱਗ ਜਾਂਦੀਆਂ ਸਨ। ਮੰਤਰਾਲੇ ਨੇ ਦੱਸਿਆ ਕਿ ਉਡਾਣ ਦੇ ਸਮੇਂ ਤੋਂ ਘੱਟ ਤੋਂ ਘੱਟ 72 ਘੰਟੇ ਪਹਿਲਾਂ ਐਫੀਡੇਵਿਟ ਦੇਣਾ ਹੋਵੇਗਾ। ਉਨ੍ਹਾਂ ਨੂੰ ਐਲਾਨ ਕਰਨਾ ਹੋਵੇਗਾ ਕਿ ਉਹ ਭਾਰਤ ਆਉਣ 'ਤੇ 14 ਦਿਨ ਕਵਾਰੰਟਾਈਨ ਦਾ ਪਾਲਣ ਕਰਨਗੇ, ਜਿਸ ਵਿੱਚ ਸੱਤ ਦਿਨ ਜ਼ਰੂਰੀ ਸਰਕਾਰੀ ਕਵਾਰੰਟਾਈਨ ਖਰਚ ਉਹ ਖੁਦ ਝੱਲਣਗੇ। ਨਿਰਦੇਸ਼ਾਂ ਮੁਤਾਬਕ ਹਵਾਈ ਰਸਤੇ ਤੋਂ, ਸਮੁੰਦਰੀ ਰਸਤੇ ਜਾਂ ਸੜਕ ਮਾਰਗ ਰਾਹੀਂ ਭਾਰਤ ਆਉਣ ਵਾਲਿਆਂ ਦੀ ਇਥੇ ਆ ਕੇ ਸਿਹਤ ਜਾਂਚ ਕੀਤੀ ਜਾਏਗੀ। ਜਿਨ੍ਹਾਂ ਲੋਕਾਂ ਨੂੰ ਕੋਵਿਡ 19 ਦੇ ਲੱਛਣ ਜਾਪਣਗੇ, ਉਨ੍ਹਾਂ ਨੂੰ ਵੱਖ ਕਰ ਕੇ ਸਿਹਤ ਸਹੂਲਤ ਕੇਂਦਰ ਲਿਜਾਇਆ ਜਾਏਗਾ। ਸਕਰੀਨਿੰਗ ਦੇ ਬਾਅਦ ਛੋਟ ਪ੍ਰਾਪਤ ਯਾਤਰੀਆਂ ਨੂੰ ਛੱਡ ਕੇ ਬਾਕੀ ਯਾਤਰੀਆਂ ਨੂੰ ਸੰਸਥਾ ਵਿੱਚ ਕਵਾਰੰਟਾਈਨ ਵਿੱਚ ਭੇਜ ਦਿੱਤਾ ਜਾਏਗਾ।

# ਕੋਰੋਨਾ ਮਰੀਜ਼ ਨੇ ਹਸਪਤਾਲ ਦੀ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕੀਤੀ




ਚੰਡੀਗੜ੍ਹ, 3 ਅਗਸਤ (ਪੋਸਟ ਬਿਊਰੋ)- ਕੋਰੋਨਾ ਪਾਜ਼ੀਟਿਵ ਮਰੀਜ਼ ਨੇ ਹਸਪਤਾਲ ਦੀ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਕੇ ਜਾਨ ਦੇ ਦਿੱਤੀ ਹੈ। ਉਸ ਦੀ ਪਛਾਣ ਸੈਕਟਰ 55 ਦੇ ਵਾਸੀ ਚੁੰਨੀ ਲਾਲ (62) ਵਜੋਂ ਹੋਈ ਹੈ।

ਅਸਲ ਵਿੱਚ ਕੋਰੋਨਾ ਵਾਇਰਸ ਦੇ ਕਾਰਨ ਇਸਵਿਅਕਤੀ ਨੂੰ ਸੈਕਟਰ 32 ਜੀ ਐੱਮ ਸੀ ਐੱਚ ਵਿੱਚ ਹਸਪਤਾਲ ਭਰਤੀ ਕਰਾਇਆ ਗਿਆ ਤਾਂ ਉਸ ਸੈਕਟਰ 22 ਦੀ ਸੂਦ ਧਰਮਸ਼ਾਲਾ ਵਿੱਚ ਇੰਸਟੀਚਿਊਸ਼ਨਲ ਕਵਾਰੰਟਾਈਨ ਦੇ ਤਹਿਤ ਰੱਖਿਆ ਗਿਆ ਸੀ, ਜਿੱਥੇ ਕੋਰੋਨਾ ਵਾਇਰਸ ਦੇ ਬਾਅਦ ਉਨ੍ਹਾਂ ਨੂੰ 31 ਜੁਲਾਈ ਨੂੰ ਸੈਕਟਰ 32 ਜੀ ਐੱਮ ਸੀ ਐੱਚ ਵਿੱਚ ਭਰਤੀ ਕਰਵਾਇਆ ਗਿਆ ਸੀ। ਉਹ ਹਸਪਤਾਲ ਦੇ ਪੰਜਵੀਂ ਮੰਜ਼ਿਲ 'ਤੇ ਕੋਰੋਨਾ ਵਾਰਡ ਵਿੱਚ ਭਰਤੀ ਸੀ। ਕੱਲ੍ਹ ਸਵੇਰੇ ਕਰੀਬ ਸਾਢੇ ਸੱਤ ਵਜੇ ਉਸ ਨੇ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਜ਼ਮੀਨ 'ਤੇ ਡਿੱਗਣ ਦੀ ਆਵਾਜ਼ ਸੁਣ ਕੇ ਚਾਰ ਸਕਿਓਰਿਟੀ ਗਾਰਡ ਚੁੰਨੀ ਨੂੰ ਐਮਰਜੈਂਸੀ ਵਿੱਚ ਲੈ ਕੇ ਗਏ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਜਾਂਚ ਵਿੱਚ ਪਤਾ ਲੱਗਾ ਕਿ ਚੁੰਨੀ ਲਾਲ ਕੋਰੋਨਾ ਹੋਣ ਦੇ ਬਾਅਦ ਕਾਫੀ ਟੈਨਸ਼ਨ ਵਿੱਚ ਸੀ, ਜਿਸ ਦੇ ਕਾਰਨ ਉਸ ਨੇ ਖੁਦਕੁਸ਼ੀ ਕਰ ਲਈ, ਪਰ ਉਸ ਨੇ ਕੋਰੋਨਾ ਵਾਰਡ 'ਚੋਂ ਬਾਹਰ ਨਿਕਲ ਕੇ ਛਾਲ ਕਿਵੇਂ ਮਾਰ ਦਿੱਤੀ, ਪਤਾ ਨਹੀਂ। ਵਾਰਡ ਦੇ ਮੇਨ ਗੇਟ 'ਤੇ ਸਕਿਓਰਿਟੀ ਗਾਰਡ ਹੁੰਦਾ ਹੈ, ਜੋ ਕਿਸੇ ਵੀ ਮਰੀਜ਼ ਨੂੰ ਵਾਰਡ ਤੋਂ ਬਾਹਰ ਨਹੀਂ ਜਾਣ ਦਿੰਦਾ। ਜਾਂਚ ਵਿੱਚ ਪਤਾ ਲੱਗਾ ਕਿ ਕੋਰੋਨਾ ਵਾਰਡ ਦੀ ਬਾਲਕੋਨੀ ਦਾ ਗੇਟ ਖੁੱਲ੍ਹਾ ਸੀ, ਜਿਸ ਕਾਰਨ ਚੁੰਨੀ ਲਾਲ ਨੇ ਪੰਜਵੀਂ ਮੰਜ਼ਿਲ ਤੋਂ ਛਾਲ ਮਾਰ ਦਿੱਤੀ। ਕੋਰੋਨਾ ਮਰੀਜ਼ ਨੂੰ ਚੁੱਕ ਕੇ ਐਮਰਜੈਂਸੀ ਵਿੱਚ ਲੈ ਕੇ ਜਾਣ ਵਾਲੇ ਚਾਰੋਂ ਸਕਿਓਰਿਟੀ ਗਾਰਡਾਂ ਨੂੰ ਸਰਾਏ ਬਿਲਡਿੰਗ ਵਿੱਚ ਕਵਾਰੰਟਾਈਨ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਸਕਿਓਰਿਟੀ ਗਾਰਡ ਦੇ ਸੈਂਪਲ ਵੀ ਲਏ ਜਾਣਗੇ।

# ਦੋ ਕਾਰਾਂ ਦੀ ਟੱਕਰ ਵਿੱਚ ਜੀਜਾ-ਸਾਲੇ ਦੀ ਮੌਤ

ਮਾਨਸਾ, 3 ਅਗਸਤ (ਪੋਸਟ ਬਿਊਰੋ)- ਕੱਲ੍ਹ ਦੁਪਹਿਰ ਮਾਨਸਾ ਦੇ ਸਿਰਸਾ ਰੋਡ ਡੇਰਾ ਸੱਚਾ ਸੌਦਾ ਦੇ ਨੇੜੇ ਦੋ ਕਾਰਾਂ ਦੀ ਆਪਸੀ ਟੱਕਰ ਵਿੱਚ ਜੀਜਾ-ਸਾਲੇ ਦੀ ਮੌਤ ਹੋ ਗਈ। ਦੂਸਰੀ ਕਾਰ ਵਿੱਚ ਸਵਾਰ ਪੰਜ ਵਿਅਕਤੀ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਇਲਾਜ ਦੇ ਬਾਅਦ ਲੁਧਿਆਣਾ ਅਤੇ ਮੋਗਾ ਰੈਫਰ ਕੀਤਾ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਜ਼ਿਲਾ ਮੋਗਾ ਦੇ ਪਿੰਡ ਚੜਿੱਕ ਅਤੇ ਮਹਿਰੋ ਤੋਂ ਇੱਕ ਪਰਵਾਰ ਇੰਡੀਕਾ ਕਾਰ ਵਿੱਚ ਫਤਿਹਾਬਾਦ ਤੋਂ ਆਪਣੇ ਪਿੰਡ ਜਾ ਰਿਹਾ ਸੀ ਤੇ ਵੈਗਨਾਰ ਗੱਡੀ ਵਿੱਚ ਸਵਾਰ ਦੋ ਵਿੱਕਤੀ ਪਿੰਡ ਲਾਲਿਆਂਵਾਲੀ ਜਾ ਰਹੇ ਸਨ ਕਿ ਦੋਵਾਂ ਦੀ ਇੱਕ ਟਰੱਕ ਵਿੱਚ ਆ ਜਾਣ ਕਾਰਨ ਆਹਮੋ-ਸਾਹਮਣੀ ਟੱਕਰ ਹੋ ਗਈ, ਜਿਸ ਵਿੱਚ ਵੈਗਨਾਰ ਸਵਾਰ ਜੀਜਾ-ਸਾਲਾ ਸੁਖਵਿੰਦਰ ਸਿੰਘ (40) ਪੁੱਤਰ ਅਜੈਬ ਸਿੰਘ ਪਿੰਡ ਬਲਰਾਂ (ਜ਼ਿਲਾ ਸੰਗਰੂਰ) ਅਤੇ ਕੁਲਦੀਪ ਸਿੰਘ (28) ਪੁੱਤਰ ਬਲਦੇਵ ਸਿੰਘ ਪਿੰਡ ਲਾਲਿਆਂਵਾਲੀ (ਜ਼ਿਲਾ ਮਾਨਸਾ) ਦੀ ਮੌਕੇ 'ਤੇ ਮੌਤ ਹੋ ਗਈ। ਇੰਡੀਕਾ ਕਾਰ ਵਿੱਚ ਸਵਾਰ ਜਸਵੰਤ ਸਿੰਘ ਪੁੱਤਰ ਮਲਕੀਤ ਸਿੰਘ ਪਿੰਡ ਚੜਿੱਕ (ਜ਼ਿਲਾ ਮੋਗਾ), ਸਰਬਜੀਤ ਕੌਰ ਪਤਨੀ ਜਗਜੀਤ ਸਿੰਘ ਪਿੰਡ ਮੇਰੋ, ਜਗਜੀਤ ਸਿੰਘ ਪੁੱਤਰ ਦਰਸ਼ਨ ਸਿੰਘ ਪਿੰਡ ਮੇਰੋ, ਹਰਪ੍ਰੀਤ ਸਿੰਘ ਪੁੱਤਰ ਜਗਜੀਤ ਸਿੰਘ ਪਿੰਡ ਮੇਰੋ ਤੇ ਕਮਲਜੀਤ ਕੌਰ ਪਤਨੀ ਜਸਵੰਤ ਸਿੰਘ ਪਿੰਡ ਚੜਿੱਕ ਜ਼ਖਮੀ ਹੋ ਗਏ।

# ਪੁਰਾਣੀ ਰੰਜਸ਼ ਕਾਰਨ ਮੱਛੀ ਮੰਡੀ ਦੇ ਠੇਕੇਦਾਰ ਦਾ ਕਤਲ

ਹਰੀਕੇ ਪੱਤਣ, 3 ਅਗਸਤ (ਪੋਸਟ ਬਿਊਰੋ)- ਕਸਬਾ ਹਰੀਕੇ ਪੱਤਣ ਵਿਖੇ ਕੱਲ੍ਹ ਸ਼ਾਮ ਪੁਰਾਣੀ ਰੰਜਿਸ਼ ਵਿੱਚ ਮੱਛੀ ਮੰਡੀ ਦੇ ਠੇਕੇਦਾਰ ਨੂੰ ਤੇਜ਼ਧਾਰ ਹਥਿਆਰ ਨਾਲ ਗੰਭੀਰ ਜ਼ਖ਼ਮੀ ਕਰਨ ਪਿੱਛੋਂ ਕਾਰਾਂ ਨਾਲ ਦਰੜ ਕੇ ਮਾਰਨ ਪਿੱਛੋਂ ਦੋਸ਼ੀ ਗੋਲੀਆਂ ਚਲਾਉਂਦੇ ਹੋਏ ਨਿਕਲ ਗਏ। ਥਾਣਾ ਹਰੀਕੇ ਪੱਤਣ ਨੇ 12 ਜਣਿਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਮ੍ਰਿਤਕ ਠੇਕੇਦਾਰ ਮੁਖਤਿਆਰ ਸਿੰਘ ਤਾਰੀ ਦੇ ਪੁੱਤਰ ਸਤਨਾਮ ਸਿੰਘ ਨੇ ਹਰੀਕੇ ਪੁਲਸ ਨੂੰ ਦੱਸਿਆ ਕਿ ਮੈਂ, ਮੇਰੇ ਪਿਤਾ ਮੁਖਤਿਆਰ ਸਿੰਘ ਅਤੇ ਮੇਰਾ ਚਾਚਾ ਘਰ ਤੋਂ ਮੱਛੀ ਮੰਡੀ ਜਾ ਰਹੇ ਸਾਂ ਕਿ ਰਸਤੇ ਵਿੱਚ ਦੋ ਕਾਰਾਂ ਸਵਿੱਫਟ ਅਤੇ ਆਈ-20 ਉੱਤੇ ਸਵਾਰ ਸੰਦੀਪ ਸਿੰਘ ਉਰਫ਼ ਸ਼ਿਸ਼ੂ ਪੁੱਤਰ ਹਰਦਿਆਲ ਸਿੰਘ ਵਾਸੀ ਮਰੜ, ਜੋਬਨਪ੍ਰੀਤ ਸਿੰਘ ਪੁੱਤਰ ਤਰਲੋਕ ਸਿੰਘ, ਜਗਪ੍ਰੀਤ ਸਿੰਘ ਉਰਫ ਜੱਗਾ ਪੁੱਤਰ ਗੁਰਚਰਨ ਸਿੰਘ, ਬਲਤੇਜ ਸਿੰਘ ਬੇਜੂ ਪੁੱਤਰ ਚਰਨਜੀਤ ਸਿੰਘ, ਜਸਪ੍ਰੀਤ ਸਿੰਘ ਉਰਫ਼ ਜੱਸਾ ਪੁੱਤਰ ਤਰਲੋਕ ਸਿੰਘ ਵਾਸੀ ਹਰੀਕੇ, ਅੰਮ੍ਰਿਤਪਾਲ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਹਰੀਕੇ, ਸੁੱਖਪ੍ਰੀਤ ਸਿੰਘ ਸੁੱਖੂ ਪੁੱਤਰ ਗੁਰਚਰਨ ਸਿੰਘ, ਬੂਟਾ ਸਿੰਘ ਪੁੱਤਰ ਚਰਨਜੀਤ ਸਿੰਘ ਸਾਰੇ ਵਾਸੀ ਹਰੀਕੇ ਅਤੇ 2-3 ਅਣਪਛਾਤੇ ਬੰਦੇ ਕਾਰਾਂ ਤੋਂ ਉਤਰੇ ਅਤੇ ਮੇਰੇ ਪਿਤਾ ਉਤੇ ਬੇਸਬਾਲ, ਕ੍ਰਿਪਾਨਾਂ ਨਾਲ ਸਿਰ 'ਤੇ ਵਾਰ ਕੀਤੇ ਅਤੇ ਮੇਰੇ ਪਿਤਾ ਜੀ ਗੰਭੀਰ ਜ਼ਖ਼ਮੀ ਹੋ ਕੇ ਡਿੱਗ ਪਏ। ਫਿਰ ਇਹ ਸਾਰੇ ਵਿਅਕਤੀ ਕਾਰਾਂ ਵਿੱਚ ਸਵਾਰ ਹੋਏ ਤੇ ਗੰਭੀਰ ਹਾਲਤ ਵਿੱਚ ਡਿੱਗੇ ਮੇਰੇ ਪਿਤਾ ਉੱਤੇ ਕਾਰਾਂ ਚੜ੍ਹਾ ਦਿੱਤੀਆਂ, ਜਿਸ ਨਾਲ ਉਸ ਦੀ ਮੌਕੇ 'ਤੇ ਮੌਤ ਹੋ ਗਈ। ਫਿਰ ਇਹ ਲੋਕ ਫਾਇਰ ਕਰਦੇ ਦੌੜ ਹੋ ਗਏ। ਇਨ੍ਹਾਂ ਬਿਆਨਾਂ ਉੱਤੇ ਥਾਣਾ ਹਰੀਕੇ ਪੁਲਸ ਨੇ ਸੰਦੀਪ ਸਿੰਘ ਉਰਫ਼ ਸ਼ਿਸ਼ੂ ਪੁੱਤਰ ਹਰਦਿਆਲ ਸਿੰਘ ਵਾਸੀ ਮਰੜ, ਜੋਬਨਪ੍ਰੀਤ ਸਿੰਘ ਪੁੱਤਰ ਤਰਲੋਕ ਸਿੰਘ, ਜਗਪ੍ਰੀਤ ਸਿੰਘ ਉਰਫ਼ ਜੱਗਾ ਪੁੱਤਰ ਗੁਰਚਰਨ ਸਿੰਘ, ਬਲਤੇਜ ਸਿੰਘ ਉਰਫ਼ ਬੇਜੂ ਪੁੱਤਰ ਚਰਨਜੀਤ ਸਿੰਘ, ਜਸਪ੍ਰੀਤ ਸਿੰਘ ਉਰਫ ਜੱਸਾ ਪੁੱਤਰ ਤਰਲੋਕ ਸਿੰਘ, ਅੰਮ੍ਰਿਤਪਾਲ ਸਿੰਘ ਪੁੱਤਰ ਤਰਲੋਕ ਸਿੰਘ, ਸੁੱਖਪ੍ਰੀਤ ਸਿੰਘ ਉਰਫ ਸੁੱਖੂ ਪੁੱਤਰ ਗੁਰਚਰਨ ਸਿੰਘ, ਬੂਟਾ ਸਿੰਘ ਪੁੱਤਰ ਚਰਨਜੀਤ ਸਿੰਘ, ਗੁਰਚਰਨ ਸਿੰਘ ਪੁੱਤਰ ਅਵਤਾਰ ਸਿੰਘ, ਸਾਰੇ ਵਾਸੀ ਹਰੀਕੇ ਅਤੇ ਤਿੰਨ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।




## ਪੁਤਿਨ ਦੀਆਂ ਨੀਤੀਆਂ ਖ਼ਿਲਾਫ਼ ਹਜ਼ਾਰਾਂ ਲੋਕ ਸੜਕਾਂ 'ਤੇ ਨਿਕਲੇ




ਮਾਸਕੋ, 3 ਅਗਸਤ (ਪੋਸਟ ਬਿਊਰੋ)- ਸੋਵੀਅਤ ਕਮਿਊਨਿਸਟ ਆਗੂ ਜੋਸੇਫ ਸਟਾਲਿਨ ਦੇ ਰਾਜ ਵਿੱਚ ਹੋਏ ਅਪਰਾਧਾਂ 'ਤੇ ਖੋਜ ਕਰਨ ਵਾਲੇ ਰੂਸੀ ਇਤਿਹਾਸਕਾਰ ਯੂਰੀ ਦਮਿਤਰੀਯੇਵ ਨੂੰ ਸਾਢੇ ਤਿੰਨ ਸਾਲ ਜੇਲ ਦੀ ਸਜ਼ਾ ਸੁਣਾਈ ਗਈ ਸੀ। ਉਸ ਨੂੰ ਪੈਟ੍ਰੋਜਾਵੋਡਸਕ ਦੀ ਅਦਾਲਤ ਇਸ ਗੱਲ ਦਾ ਦੋਸ਼ੀ ਠਹਿਰਾਇਆ ਕਿ ਉਹ ਆਪਣੀ ਗੋਦ ਲਈ ਧੀ ਦਾ ਸੈਕਸ ਸ਼ੋਸ਼ਣ ਕਰਦਾ ਹੈ, ਪਰ ਮਨੁੱਖੀ ਅਧਿਕਾਰ ਸੰਗਠਨ ਮੈਮੋਰੀਅਲ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਉਨ੍ਹਾਂ ਦੇ ਕੰਮ ਲਈ ਸਜ਼ਾ ਦਿੱਤੀ ਗਈ ਸੀ। ਰੂਸ ਵਿੱਚ ਅਜਿਹੇ ਕਈ ਹੋਰ ਮਾਮਲੇ ਵੀ ਹਨ, ਜੋ ਵਧਦੇ ਹੀ ਜਾ ਰਹੇ ਹਨ।

ਮਾਹਿਰਾਂ ਨੂੰ ਦਮਿਤ੍ਰੀਯੇਵ ਦੇ ਅਪਰਾਧ ਦਾ ਕੋਈ ਸਬੂਤ ਨਹੀਂ ਮਿਲਿਆ ਪਰ ਅਥਾਰਟੀ ਕਿਸੇ ਤੱਥ ਨੂੰ ਜਾਣਨਾ ਹੀ ਨਹੀਂ ਚਾਹੁੰਦੀ ਸੀ। ਦਮਿਤ੍ਰੀਯੇਵ ਨੇ ਸਾਂਡਰਮੋਖ 'ਚ ਸਟਾਲਿਨ ਯੁੱਗ ਦੇ ਪੀੜਤਾਂ 'ਤੇ ਖੋਜ ਕਰ ਕੇ ਸਮੂਹਿਕ ਕਬਰ ਦੀ ਖੋਜ ਕੀਤੀ ਸੀ, ਜਿਸ ਵਿੱਚ ਲੱਗਭਗ ਸੱਤ ਹਜ਼ਾਰ ਲਾਸ਼ਾਂ ਸਨ। ਸਾਂਡਰਮੋਖ ਉਹ ਥਾਂ ਹੈ ਜਿੱਥੇ ਸਾਲ 1937 ਤੇ 1938 ਵਿੱਚ ਸਟਾਲਿਨ ਦੇ ਰਾਜ ਦੌਰਾਨ ਕਥਿਤ ਦਹਿਸ਼ਤ ਛਾਈ ਰਹੀ ਦੱਸੀ ਜਾਂਦੀ ਸੀ।

## ਟਰੰਪ ਨੇ ਲੋਕਾਂ ਦਾ ਬੇਰੁਜ਼ਗਾਰੀ ਭੱਤਾ ਖੋਹ ਕੇ ਲਾਵਾਰਸ ਛੱਡਿਆ: ਬਿਡੇਨ

ਸਿਆਟਲ, 3 ਅਗਸਤ (ਪੋਸਟ ਬਿਊਰੋ)- ਅਮਰੀਕਾ 'ਚ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਮੁਕਾਬਲੇ ਖੜ੍ਹੇ ਡੈਮੋਕ੍ਰੇਟਿਕ ਅਮਰੀਕਾ ਦੇ ਸਾਬਕਾ ਉਪ-ਰਾਸ਼ਟਰਪਤੀ ਜੋਏ ਬਿਡੇਨ ਨੇ ਕੱਲ੍ਹ ਰਾਸ਼ਟਰਪਤੀ ਟਰੰਪ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਅਮਰੀਕੀ ਲੋਕਾਂ ਦੇ ਇਸ ਮੁਸ਼ਕਿਲ ਘੜੀ 'ਚ ਬੇਰੁਜ਼ਗਾਰੀ ਦੇ ਲਾਭ, ਜੋ 600 ਡਾਲਰ ਪ੍ਰਤੀ ਹਫ਼ਤਾ, ਪ੍ਰਤੀ ਵਿਅਕਤੀ ਦਿੱਤਾ ਜਾਂਦਾ ਸੀ, ਲੱਖਾਂ ਅਮਰੀਕੀ ਲੋਕਾਂ ਦੇ ਲਾਭ ਬੰਦ ਕਰਕੇ ਉਨ੍ਹਾਂ ਨੂੰ ਅੱਧ ਵਿਚਾਲੇ ਛੱਡ ਦਿੱਤਾ। ਉਨ੍ਹਾਂ ਕਿਹਾ ਕਿ ਲੋਕਾਂ ਕੋਲ ਕੰਮ ਨਹੀਂ ਹੈ, ਲੋਕ ਘਰਾਂ 'ਚ ਵਿਹਲੇ ਬੈਠੇ ਹਨ, ਕਾਰੋਬਾਰ ਬੰਦ ਪਏ ਹਨ। ਕੋਰੋਨਾ ਵਾਇਰਸ ਦੀ ਅਜੇ ਤੱਕ ਕੋਈ ਵੈਕਸੀਨ ਨਹੀਂ ਆਈ, ਉਪਰੋਂ ਬੇਰੁਜ਼ਗਾਰੀ ਲਾਭ ਬੰਦ ਕਰਕੇ ਉਨ੍ਹਾਂ ਨੂੰ ਭੁੱਖੇ ਮਰਨ ਲਈ ਛੱਡ ਦਿੱਤਾ ਗਿਆ। ਬਿਡੇਨ ਨੇ ਕਿਹਾ ਕਿ ਜੇ ਟਰੰਪ ਦੂਜੀ ਵਾਰ ਵਾਈਟ ਹਾਊਸ ਆ ਜਾਂਦੇ ਹਨ ਤਾਂ ਅਮਰੀਕਾ ਦਾ ਕੀ ਬਣੇਗਾ? ਇਹ ਰੱਬ ਹੀ ਜਾਣਦਾ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਨੂੰ ਇੱਕ ਅਜਿਹੇ ਰਾਸ਼ਟਰਪਤੀ ਦੀ ਲੋੜ ਹੈ ਜੋ ਲੋਕਾਂ



ਲਈ ਚੰਗੀਆਂ ਨੌਕਰੀਆਂ ਅਤੇ ਚੰਗੀਆਂ ਨੀਤੀਆਂ ਲੈ ਕੇ ਆਵੇ ਅਤੇ ਜੋ ਅਮਰੀਕੀ ਲੋਕਾਂ ਦੇ ਭਲੇ ਬਾਰੇ ਸੋਚੇ। ਬਿਡੇਨ ਨੇ ਟਰੰਪ 'ਤੇ ਦੋਸ਼ ਲਾਇਆ ਕਿ ਉਨ੍ਹਾਂ ਨੇ ਰੱਜਿਆਂ ਨੂੰ ਹੋਰ ਰਜਾਇਆ ਅਤੇ ਕਮਜ਼ੋਰ ਲੋਕਾਂ ਨੂੰ ਉਸ ਨੇ ਠੂਠਾ ਦਿਖਾਇਆ ਹੈ।

ਇਸ ਦੌਰਾਨ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਕੱਲ੍ਹ ਟਵੀਟਰ ਅਤੇ ਹੋਰ ਸੋਸ਼ਲ ਮੀਡੀਆ 'ਤੇ ਬਿਡੇਨ ਦੇ ਹੱਕ 'ਚ ਮੁਹਿੰਮ ਸ਼ੁਰੂ ਕੀਤੀ ਅਤੇ ਉਨ੍ਹਾਂ ਦੇ ਹੱਕ 'ਚ 'ਯੈਸ ਵੀ ਕੈਨ ਅਗੇਨ' ਲਿਖਿਆ। ਓਬਾਮਾ ਨੇ ਕਿਹਾ ਕਿ ਸਾਨੂੰ ਇੱਕ ਅਸਲ ਰਾਸ਼ਟਰਪਤੀ ਦੀ ਜ਼ਰੂਰਤ ਹੈ ਜੋ ਇਸ ਦੇਸ਼ ਨੂੰ ਜੋੜ ਕੇ ਰੱਖ ਸਕੇ ਅਤੇ ਸਾਡੀ ਆਰਥਿਕਤਾ ਨੂੰ ਮੁੜ ਸੁਰਜੀਤ ਕਰ ਸਕੇ, ਮਹਾਂਮਾਰੀ ਖ਼ਤਮ ਕਰ ਸਕੇ, ਅਮਰੀਕੀਆਂ ਨੂੰ ਮੁੜ ਖ਼ੁਸ਼ਹਾਲ ਕਰ ਸਕੇ। ਅਮਰੀਕਾ ਨੂੰ ਦੁਨੀਆ 'ਚ ਆਪਣੀ ਸਥਿਤੀ ਬਹਾਲ ਕਰਨ ਲਈ ਜੋਏ ਬਿਡੇਨ ਵਰਗਾ ਰਾਸ਼ਟਰਪਤੀ ਚਾਹੀਦਾ ਹੈ। ਇਸ ਵੇਲੇ ਰਿਪੋਰਟਾਂ ਅਨੁਸਾਰ ਜੋਏ ਬਿਡੇਨ ਟਰੰਪ ਤੋਂ ਕਾਫ਼ੀ ਅੱਗੇ ਨਿਕਲ ਗਏ ਹਨ। ਲੋਕ ਬਿਡੇਨ ਦੇ ਹੱਕ 'ਚ ਖੁੱਲ੍ਹ ਕੇ ਅੱਗੇ ਆਉਣ ਲੱਗੇ ਹਨ। ਟਰੰਪ ਵੱਲੋਂ ਬੇਰੁਜ਼ਗਾਰੀ ਭੱਤਾ ਬੰਦ ਕਰਨ ਕਰਕੇ ਲੋਕਾਂ 'ਚ ਟਰੰਪ ਪ੍ਰਤੀ ਗੁੱਸਾ ਵਧ ਰਿਹਾ ਹੈ ਕਿਉਂਕਿ ਲੋਕਾਂ ਕੋਲ ਕੰਮ ਨਹੀਂ ਹੈ।

## ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ ਵਿੱਚ ਲੱਗੇਗਾ ਕਰਫ਼ਿਊ

ਮੈਲਬੌਰਨ, 3 ਅਗਸਤ (ਪੋਸਟ ਬਿਊਰੋ)- ਆਸਟ੍ਰੇਲੀਆ ਦੇ ਵਿਕਟੋਰੀਆ ਸੂਬੇ 'ਚ ਵੱਧ ਰਹੇ ਕੋਰੋਨਾ ਵਾਇਰਸ ਦੇ ਕੇਸਾਂ ਕਰ ਕੇ ਇਥੋਂ ਦੀ ਸਰਕਾਰ ਨੇ ਕੱਲ੍ਹ ਤੋਂ ਸਟੇਜ-4 ਅਤੇ ਰਾਤ ਅੱਠ ਵਜੇ ਤੋਂ ਸਵੇਰ ਪੰਜ ਵਜੇ ਤੱਕ ਕਰਫ਼ਿਊ ਦਾ ਐਲਾਨ ਕਰ ਦਿੱਤਾ ਹੈ। ਪ੍ਰੀਮੀਅਰ ਡੈਨੀਅਲ ਐਂਡਰਿਓ ਨੇ ਇਸ ਸਬੰਧੀ ਪ੍ਰੈਸ ਕਾਨਫ਼ਰੰਸ 'ਚ ਦੱਸਿਆ ਕਿ ਸਮਾਂ ਆ ਗਿਆ ਹੈ ਕਿ ਇਸ ਵਾਇਰਸ ਨੂੰ ਕਿਸ ਤਰ੍ਹਾਂ ਰੋਕਿਆ ਜਾ ਸਕਦਾ ਹੈ। ਉਸ ਨੇ ਆਖਿਆ ਕਿ ਸਟੇਜ-4 ਲਗਾਉਣ ਦੀ ਨੌਬਤ ਆ ਗਈ ਹੈ ਅਤੇ ਰਾਤ ਅੱਠ ਵਜੇ ਤੋਂ ਸਵੇਰੇ ਪੰਜ ਵਜੇ ਤੱਕ ਕਰਫ਼ਿਊ ਰਹੇਗਾ।

ਵਰਨਣ ਯੋਗ ਹੈ ਕਿ ਕੱਲ੍ਹ ਇਥੇ 671 ਨਵੇਂ ਕੇਸ ਆਏ ਅਤੇ ਸੱਤ ਮੌਤਾਂ ਹੋਈਆਂ ਸਨ। ਕੋਵਿਡ-19 ਦੀ ਬਿਪਤਾ ਨੇ ਸਰਕਾਰ ਨੂੰ ਹੱਥਾਂ ਪੈਰਾਂ ਦੀ ਪਾ ਦਿੱਤੀ ਹੈ। ਪ੍ਰੀਮੀਅਰ ਨੇ ਦੱਸਿਆ ਕਿ ਮੈਲਬੌਰਨ 'ਚ ਐਮਰਜੈਂਸੀ ਸਥਿਤੀ 'ਚ ਸਖ਼ਤ ਪਾਬੰਦੀਆਂ ਤੋਂ ਇਲਾਵਾ ਕੋਈ ਰਾਹਤ ਨਹੀਂ ਸੀ ਦਿਸ ਰਹੀ। ਉਸ ਨੇ ਆਖਿਆ ਕਿ ਇਹ ਸਖ਼ਤ ਫ਼ੈਸਲੇ ਹਨ ਪਰ ਕਰ ਵੀ ਕੀ ਸਕਦੇ ਹਾਂ? ਵਿਕਟੋਰੀਆ ਵਾਸੀਆਂ ਨੂੰ ਸੁਰੱਖਿਅਤ ਰੱਖਣਾ ਹੈ। ਇਸ ਸਮੇਂ ਘਰੋਂ ਨਿਕਲਣਾ ਔਖਾ ਹੋ ਚੁੱਕਾ ਹੈ। ਸਿਰਫ਼ ਪੰਜ ਕਿਲੋਮੀਟਰ ਦੇ ਖੇਤਰ ਤੱਕ ਤੁਸੀਂ ਜਾ ਸਕਦੇ ਹੋ। ਕਸਰਤ ਲਈ ਸਿਰਫ਼ ਇੱਕ ਘੰਟੇ ਦਾ ਸਮਾਂ ਨਿਸਚਿਤ ਕੀਤਾ ਗਿਆ ਹੈ।

## ਟਰੰਪ ਵੱਲੋਂ ਪੈਰਵੀ ਦੇ ਬਾਜਵੂਦ ਪੁੱਤਰ ਦਾ ਸਕੂਲ ਬੰਦ ਹੀ ਰਿਹਾ

ਵਾਸ਼ਿੰਗਟਨ, 3 ਅਗਸਤ (ਪੋਸਟ ਬਿਊਰੋ)- ਰਾਸ਼ਟਰਪਤੀ ਡੋਨਾਲਡ ਟਰੰਪ ਅਮਰੀਕਾ ਵਿੱਚ ਸਕੂਲਾਂ ਨੂੰ ਖੋਲ੍ਹਣ ਦੀ ਪੈਰਵੀ ਕਰ ਰਹੇ ਹਨ, ਪਰੰਤੂ ਮੈਰੀਲੈਂਡ ਦੇ ਜਿਸ ਸਕੂਲ ਵਿੱਚ ਉਨ੍ਹਾਂ ਦਾ ਪੁੱਤਰ ਪੜ੍ਹਦਾ ਹੈ, ਉਹ ਕਾਊਂਟੀ ਨਿਰਦੇਸ਼ਾਂ ਕਾਰਨ ਅਜੇ ਵੀ ਬੰਦ ਹੈ ਅਤੇ ਸਕੂਲ ਮੈਨੇਜਮੈਂਟ ਇਸ ਸਕੂਲ ਨੂੰ ਖੋਲ੍ਹਣ ਲਈ ਤਿਆਰ ਨਹੀਂ।

ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਦਾ 14 ਸਾਲਾ ਪੁੱਤਰ ਬੈਰਨ ਮੈਰੀਲੈਂਡ ਦੇ ਪੋਟੋਮੈਕ ਵਿਚਲੇ ਸੇਂਟ ਐਂਡਰਿਊ ਐਪੀਸਕੋਪਲ ਸਕੂਲ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਾ ਹੈ। ਮਾਂਟਗੋਮਰੀ ਕਾਊਂਟੀ ਵਿੱਚ ਇਸ ਸਕੂਲ ਦਾ ਅਗਲਾ ਸੈਸ਼ਨ (2020-21) ਅੱਠ ਸਤੰਬਰ ਨੂੰ ਸ਼ੁਰੂ ਹੋ ਰਿਹਾ ਹੈ। ਮਾਂਟਗੋਮਰੀ ਕਾਊਂਟੀ ਦੇ ਸਿਹਤ ਅਧਿਕਾਰੀ ਡਾਕਟਰ ਟ੍ਰੈਵਿਸ ਗੇਲਸ ਨੇ ਕਿਹਾ ਕਿ ਜਮਾਤ ਵਿੱਚ ਬੈਠ ਕੇ ਪੜ੍ਹਾਈ ਕਰਉਣ 'ਤੇ ਇੱਕ ਅਕਤੂਬਰ ਤੱਕ ਰੋਕ ਹੈ। ਜਿੱਥੋਂ ਤੱਕ ਆਨਲਾਈਨ ਜਮਾਤਾਂ ਦੀ ਗੱਲ ਹੈ, ਇੱਕ ਅਕਤੂਬਰ ਤੋਂ ਪਹਿਲਾਂ ਇਸ ਫੈਸਲੇ ਦੀ ਸਮੀਖਿਆ ਕੀਤੀ ਜਾਵੇਗੀ ਤੇ ਤੈਅ ਕੀਤਾ ਜਾਵੇਗਾ ਕਿ ਅਸੀਂ ਅੱਗੇ ਪੜ੍ਹਾਉਣਾ ਹੈ ਜਾਂ ਨਹੀਂ। ਉਨ੍ਹਾਂ ਨੇ ਮੈਰੀਲੈਂਡ, ਦਿ ਡਿਸਟ੍ਰਿਕਟ ਆਫ ਕੋਲੰਬੀਆ ਅਤੇ ਵਰਜੀਨੀਆ ਵਿੱਚ ਨੌਜਵਾਨਾਂ ਵਿੱਚ ਵਧਦੇ ਇਨਫੈਕਸ਼ਨ 'ਤੇ ਚਿੰਤਾ ਪ੍ਰਗਟ ਕੀਤੀ ਹੈ। ਗੇਲਸ ਨੇ ਕਿਹਾ ਕਿ ਕੋਰੋਨਾ ਦੀ ਸ਼ੁਰੂਆਤ ਤੋਂ ਅਸੀਂ ਹਰ ਕੋਈ ਫੈਸਲਾ ਵਿਗਿਆਨ ਅਤੇ ਡਾਟਾ ਦੇ ਆਧਾਰ 'ਤੇ ਲਿਆ ਹੈ। ਅੰਕੜੇ ਇਸ ਗੱਲ ਦੀ ਗਵਾਹੀ ਅਜੇ ਨਹੀਂ ਦਿੰਦੇ ਕਿ ਬੱਚਿਆਂ ਨੂੰ ਜਮਾਤਾਂ ਵਿੱਚ ਬਿਠਾ ਕੇ ਪੜ੍ਹਾਇਆ ਜਾਵੇ। ਬੈਰਨ ਦਾ ਸਕੂਲ ਦੋ ਵੱਖ-ਵੱਖ ਬਦਲਾਂ 'ਤੇ ਵਿਚਾਰ ਕਰ ਰਿਹਾ ਹੈ। ਇੱਕ ਵਿਚਾਰ ਦੂਰ-ਵਰਤੀ ਸਿਖਿਆ ਵਾਲਾ ਅਤੇ ਦੂਜਾ ਵਿਚਾਰ ਮਿਲੇ-ਜੁਲੇ ਮਾਡਲ ਦਾ ਹੈ। ਇਸ ਵਿੱਚ ਸਕੂਲ ਇਮਾਰਤ ਵਿੱਚ ਪੜ੍ਹਾਈ ਦੇ ਨਾਲ ਆਨਲਾਈਨ ਜਮਾਤਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਸਕੂਲ ਦੀ ਵੈਬਸਾਈਟ ਅਨੁਸਾਰ 10 ਅਗਸਤ ਤੱਕ ਇਸ 'ਤੇ ਅੰਤਿਮ ਫੈਸਲਾ ਲੈ ਕੇ ਮਾਪਿਆਂ ਨੂੰ ਸੂਚਿਤ ਕਰ ਦਿੱਤਾ ਜਾਵੇਗਾ।

## ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਨੇ ਖੁਦ ਮਾਸਕ ਪਹਿਨ ਕੇ ਲੋਕਾਂ ਨੂੰ ਮਾਸਕ ਪਹਿਨਣ ਨੂੰ ਕਿਹਾ

ਸਿਡਨੀ, 3 ਅਗਸਤ (ਪੋਸਟ ਬਿਊਰੋ)- ਮੈਲਬੌਰਨ ਤੋਂ ਬਾਅਦ ਸਿਡਨੀ ਵਿੱਚ ਤੇਜ਼ੀ ਨਾਲ ਕੋਰੋਨਾ ਵਾਇਰਸ ਦੇ ਫੈਲਦੇ ਪ੍ਰਭਾਵ ਨੂੰ ਰੋਕਣ ਲਈ ਨਿਊ ਸਾਊਥ ਵੇਲਜ ਦੇ ਸਿਹਤ ਅਧਿਕਾਰੀਆਂ ਨੇ ਚਿਹਰੇ 'ਤੇ ਮਾਸਕ ਪਹਿਨਣ ਦੀ ਸਲਾਹ ਨੂੰ ਅੱਗੇ ਵਧਾਇਆ ਹੈ। ਉਹਨਾਂ ਲੋਕਾਂ ਨੂੰ ਸੋਮਵਾਰ ਤੋਂ ਮਾਸਕ ਪਹਿਨਣ ਦੀ ਅਪੀਲ ਕੀਤੀ ਹੈ।

ਸਿਹਤ ਅਧਿਕਾਰੀ ਗਲੇਂਡਜ ਬੇਰੇਜਿਕਲੀਅਨ ਨੇ ਕਿਹਾ ਕਿ ਸਿਡਨੀ ਦੇ ਲੋਕ ਜਨਤਕ ਥਾਵਾਂ 'ਤੇ ਮਾਸਕ ਪਹਿਨ ਕੇ ਓਥੇ ਜਾਣ, ਜਿੱਥੇ ਲੋਕਾਂ ਤੋਂ ਦੂਰੀ ਰੱਖਣੀ ਅਸੰਭਵ ਹੋਵੇ। ਉਨ੍ਹਾਂ ਕਿਹਾ ਜ਼ਿਆਦਾਤਰ ਕੋਰੋਨਾ ਵਾਇਰਸ ਨਾਲ ਇਨਫੈਕਟਿਡ ਹੋਣ ਦੇ ਕੇਸ ਭੀੜ ਵਾਲੀਆਂ ਥਾਵਾਂ ਤੋਂ ਆਏ ਹਨ, ਜਿਨ੍ਹਾਂ ਵਿੱਚ ਲੋਕਾਂ ਨੂੰ ਮੁੱਖ ਚਾਰ ਹਾਲਾਤਾਂ ਵਿੱਚ ਮਾਸਕ ਪਹਿਨਣ ਦੀ ਅਪੀਲ ਕੀਤੀ। ਇਹ ਚਾਰ ਥਾਂਵਾਂ ਹਨ, ਜਿੱਥੇ ਸਮਾਜਕ ਸੰਪਰਕ ਵਿੱਚ ਆਉਂਦੇ ਹੋਣ, ਧਾਰਮਿਕ ਸਥਾਨਾਂ ਉਤੇ, ਸਭ ਤੋਂ ਅਖ਼ੀਰ ਜੇ ਤੁਸੀਂ ਜਿੱਥੇ ਰਹਿੰਦੇ ਹੋ ਅਤੇ ਤੁਹਾਡੇ ਇਲਾਕੇ ਤੋਂ ਵਾਇਰਸ ਦੇ ਕੇਸ ਜ਼ਿਆਦਾ ਸਾਹਮਣੇ ਆਏ ਹੋਣ। ਸਿਡਨੀ ਵਿੱਚ ਲਗਾਤਾਰ ਕੇਸਾਂ ਦੇ ਵਾਧੇ ਨੂੰ ਦੇਖਦੇ ਹੋਏ ਇਹ ਸੰਦੇਸ਼ ਦਿੱਤਾ ਗਿਆ ਹੈ। ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੌਰੀਸਨ ਨੇ ਵੀ ਲੋਕਾਂ ਨੂੰ ਅਪੀਲ ਕਰਦੇ ਹੋਏ ਆਪਣੀ ਮਾਸਕ ਪਹਿਨ ਕੇ ਤਸਵੀਰ ਸੋਸ਼ਲ ਮੀਡੀਆ 'ਤੇ ਸਾਂਝੀ ਕਰ ਕੇ ਲੋਕਾਂ ਨੂੰ ਜਨਤਕ ਥਾਵਾਂ 'ਤੇ ਮਾਸਕ ਪਹਿਨ ਕੇ ਜਾਣ ਦੀ ਅਪੀਲ ਕੀਤੀ।

## ਨੇਤਾਨਯਾਹੂ ਆਪਣੇ ਖ਼ਿਲਾਫ਼ ਚੱਲਦੇ ਪ੍ਰਦਰਸ਼ਨਾਂ ਲਈ ਮੀਡੀਆ ’ਤੇ ਭੜਕੇ

ਤੇਲ ਅਵੀਵ, 3 ਅਗਸਤ (ਪੋਸਟ ਬਿਊਰੋ)- ਇਸਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਾਨਯਾਹੂ ਆਪਣੇ ਸ਼ਾਸਨ ਦੇ ਖ਼ਿਲਾਫ ਤੇਜ਼ ਹੁੰਦੇ ਪ੍ਰਦਰਸ਼ਨਾਂ ਨੂੰ ਲੈ ਕੇ ਕੱਲ੍ਹ ਮੀਡੀਆ 'ਤੇ ਭੜਕ ਪਏ। ਨੇਤਾਨਯਾਹੂ ਨੇ ਦੋਸ਼ ਲਾਇਆ ਕਿ ਬਣੀ ਬਣਾਈ ਧਾਰਨ ਦੇ ਕਾਰਨ ਮੀਡੀਆ ਤੱਥਾਂ ਨੂੰ ਤੋੜ-ਮਰੋੜ ਰਿਹਾ ਹੈ ਅਤੇ ਪ੍ਰਦਰਸ਼ਨਕਾਰੀਆਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਨੇਤਾਨਯਾਹੂ ਦੇ ਖ਼ਿਲਾਫ਼ ਬੀਤੇ



ਦਿਨਾਂ ਵਿੱਚ ਪ੍ਰਦਸ਼ਨ ਵੱਧ ਗਏ ਹਨ ਅਤੇ ਲੋਕ ਲੰਬੇ ਸਮੇਂ ਤੋਂ ਸ਼ਾਸਨ ਕਰ ਰਹੇ ਅਤੇ ਕਈ ਦੋਸ਼ਾਂ ਵਿੱਚ ਕੇਸ ਭੁਗਤ ਰਹੇ ਪ੍ਰਧਾਨ ਮੰਤਰੀ ਦੇ ਇਸਤੇਫੇ ਦੀ ਮੰਗ ਕਰ ਰਹੇ ਹਨ। ਕੋਰੋਨਾ ਵਾਇਰਸ ਸੰਕਟ ਨਾਲ ਨਿਪਟਣ ਬਾਰੇ ਵੀ ਉਨ੍ਹਾਂ ਦੀ ਆਲੋਚਨਾ ਹੁੰਦੀ ਹੈ। ਨੇਤਾਨਯਾਹੂ ਨੇ ਪ੍ਰਦਰਸ਼ਨ ਕਰਦੇ ਲੋਕਾਂ ਨੂੰ ‘ਅਰਾਜਕਤਾਵਾਦੀ' ਅਤੇ ‘ਖੱਬੇ ਪੱਖੀ’ ਵਿਚਾਰਧਾਰਾ ਵਾਲੇ ਲੋਕ ਕਿਹਾ ਦਿੱਤਾ ਹੈ ਜੋ ‘ਇੱਕ ਮਜ਼ਬੂਤ ਸੱਜੇ ਪੱਖੀ ਸਕਰਾਰ ਨੂੰ ਡੇਗਣਾ ਚਾਹੁੰਦੇ ਹਨ।’ ਇਹ ਪ੍ਰਦਰਸ਼ਨ ਆਮ ਤੌਰ 'ਤੇ ਸ਼ਾਂਤੀਪੂਰਨ ਹਨ, ਪਰ ਕੁਝ ਥਾਂਈਂ ਲੋਕਾਂ ਅਤੇ ਪੁਲਸ ਵਿਚਾਲੇ ਝੜਪਾਂ ਦੀ ਸੂਚਨਾ ਹੈ। ਉਹੀ ਕੁਝ ਥਾਵਾਂ ਤੋਂ ਸੂਚਨਾ ਹੈ ਕਿ ਨੇਤਾਨਯਾਹੂ ਸਮਰਥਨਕਾਂ ਦੇ ਛੋਟੇ ਗਰੁੱਪਾਂ ਅਤੇ ਘੋਰ ਸੱਜੇ ਪੱਖੀ ਗਰੁੱਪਾਂ ਦੇ ਜੁੜੇ ਲੋਕਾਂ ਨੇ ਪ੍ਰਦਰਸ਼ਨਕਾਰੀਆਂ ਦੇ ਨਾਲ ਕੁੱਟਮਾਰ ਕੀਤੀ ਹੈ।


GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment

(416) 970-5005

Century 21 President Realty Inc Brokerage* Independently Owned and Operated.

www.vipcondonetwork.com
27 Armthorpe Rd Brampton #3, ON L6T 5M4 | Fax : 905-488-2101

Office: 905-488-2100 Ext. 348

# ਫਿਲਮੀ ਦੁਨੀਆ

# ਇੰਝ ਮਿਲੀ ਤਾਹਿਰ ਰਾਜ ਭਸੀਨ ਨੂੰ ਫਿਲਮ ‘83’

ਅਜਿਹੇ ਮੌਕੇ ਘੱਟ ਹੀ ਹੁੰਦੇ ਹਨ, ਜਦ ਇਕੱਠੇ ਕਈ ਅਹਿਮ ਫਿਲਮਾਂ ਦਾ ਹਿੱਸਾ ਬਣਨ ਦਾ ਮੌਕਾ ਕਲਾਕਾਰ ਨੂੰ ਮਿਲਦਾ ਹੈ। ਤਾਹਿਰ ਰਾਜ ਭਸੀਨ ਅੱਜਕੱਲ੍ਹ ਜੀਵਨ ਦੇ ਇਸੇ ਮੋੜ 'ਤੇ ਹਨ, ਜਿੱਥੇ ਉਨ੍ਹਾਂ ਦੀ ਕਰੀਅਰ ਬਦਲਾਅ ’ਚੋਂ ਲੰਘ ਰਿਹਾ ਹੈ। ‘ਛਿਛੋਰੇ’ ਵਿੱਚ ਡੇਰੇਕ ਦੀ ਭੂਮਿਕਾ ਨਿਭਾ ਚੁੱਕੇ ਤਾਹਿਰ ਦੇ ਲਈ ਇਹ ਫਿਲਮ ਲੱਕੀ ਸਾਬਿਤ ਹੋਈ। ਇਸ ਵੇਲੇ ਉਸ ਕੋਲ ਦੋ ਫਿਲਮਾਂ ਹਨ ਕਬੀਰ ਖਾਨ ਦੀ ‘83’ ਅਤੇ ‘ਲੂਪ ਲਪੇਟਾ’। ‘ਲੂਪ ਲਪੇਟਾ’ ਵਿੱਚ ਉਹ ਤਾਪਸੀ ਪੰਨੂ ਦੇ ਆਪੋਜ਼ਿਟ ਬਤੌਰ ਹੀਰੋ ਨਜ਼ਰ ਆਉਣਗੇ। ਫਿਲਮ ’83’ ਨਾਂਅ ਇਸ ਫਿਲਮ ਦੇ ਮਿਲਣ ਦੀ ਕਹਾਣੀ ਕਾਫੀ ਦਿਲਚਸਪ ਹੈ। ਤਾਹਿਰ ਦੱਸਦੇ ਹਨ ਕਿ ਸੰਯੋਗ ਨਾਲ ਕਬੀਰ ਖਾਨ ਦਾ ਆਫਿਸ ਅਤੇ ਨਿਤੇਸ਼ ਤਿਵਾੜੀ ਦਾ ਆਫਿਸ ਇੱਕੋ ਬਿਲਡਿੰਗ ਵਿੱਚ ਸੀ। ਜਦ ਕਬੀਰ ਸਰ ‘83’ ਦੀ ਤਿਆਰੀ ਕਰ ਰਹੇ ਸਨ, ਉਸ ਵੇਲੇ ਮੈਂ ‘ਛਿਛੋਰੇ’ ਦੀ ਰਿਹਰਸਲ ਕਰ ਰਿਹਾ ਸੀ। ਅਸੀਂ ਕਈ ਵਾਰ ਇੱਕ ਦੂਸਰੇ ਦੇ ਆਹਮੋ-ਸਾਹਮਣੇ ਲੰਘੇ। ਬਾਅਦ ਵਿੱਚ ਮੇਰੀ ਉਨ੍ਹਾਂ ਨਾਲ ਮੁਲਾਕਾਤ ਕਾਸਟਿੰਗ ਡਾਇਰੈਕਟਰ ਮੁਕੇਸ਼ ਛਾਬੜਾ ਨੇ ਕਰਵਾਈ ਸੀ। ਮੁਕੇਸ਼ ਨੇ ਮੇਰੀ ਫਿਲਮ ‘ਮੰਟੋ’ ਦੇਖੀ ਸੀ, ਜਿਸ ਵਿੱਚ ਮੈਂ ਅਭਿਨੇਤਾ ਸ਼ਾਮ ਚੱਢਾ ਦਾ ਕਿਰਦਾਰ ਨਿਭਾਇਆ ਸੀ। ਕਬੀਰ ਸਰ ਨੇ ਮੈਨੂੰ ਸੁਨੀਲ ਗਾਵਸਕਰ ਦੇ ਕਿਰਦਾਰ ਦੇ ਬਾਰੇ ਗੱਲ ਕੀਤੀ। ਇਹ ਫਿਲਮ ਕ੍ਰਿਕਟ ਇਤਿਹਾਸ ਦੇ ਸਭ ਤੋਂ ਸ਼ਾਨਦਾਰ ਹਿੱਸੇ ਉੱਤੇ ਬਣ ਰਹੀ ਸੀ, ਅਜਿਹੇ ਵਿੱਚ ਇਸ ਫਿਲਮ ਨੇ ਮੈਨੂੰ ਆਪਣੇ ਵੱਲ ਖਿੱਚ ਲਿਆ। ‘ਛਿਛੋਰੇ’ ਦੀ ਸਫਲਤਾ ਨਾਲ ‘ਲੂਪ ਲਪੇਟਾ’ ਨਾਲ ਨਵਾਂ ਚੈਪਟਰ ਸ਼ੁਰੂ ਹੋ ਗਿਆ। ਜ਼ਿੰਦਗੀ ਵਿੱਚ ਏਦਾਂ ਦੇ ਮੌਕੇ ਵਾਰ-ਵਾਰ ਨਹੀਂ ਮਿਲਦੇ। ‘83’ ਫਿਲਮ ਵਿੱਚ ਭਾਵੇਂ ਸਟਾਰਕਾਸਟ ਲੰਬੀ-ਚੌੜੀ ਹੋਵੇ, ਪਰ ਇਹ ਗੱਲ ਖਾਸ ਮਾਇਨੇ ਰੱਖਦੀ ਹੈ ਕਿ ਪੂਰੀ ਟੀਮ ਦੇ ਨਾਲ ਮੈਂ ਆਪਣੇ ਕਿਰਦਾਰ ਨੂੰ ਕਿਸ ਤਰ੍ਹਾਂ ਨਿਭਾਇਆ ਹੈ। ਕਬੀਰ ਖਾਨ ਦੀ ਕ੍ਰਿਏਟਿਵ ਸੋਚ ਕਾਫੀ ਅਲੱਗ ਹੈ। ਉਹ ਤੁਹਾਨੂੰ ਆਪਣੀ ਕਾਬਲੀਅਤ ਦਿਖਾਉਣ ਦਾ ਪੂਰਾ ਮੌਕਾ ਦਿੰਦੇ ਹਨ।





## ਵਿੱਕੀ ਦੀ ਯਸ਼ਰਾਜ ਨਾਲ ਅਗਲੀ ਕਾਮੇਡੀ ਫਿਲਮ ਨਵੰਬਰ ਵਿੱਚ ਹੋ ਸਕਦੀ ਹੈ ਸ਼ੁਰੂ

ਵਿੱਕੀ ਕੌਸ਼ਲ ਦੀ ਯਸ਼ਰਾਜ ਦੇ ਨਾਲ ਆਉਣ ਵਾਲੀ ਕਾਮੇਡੀ ਫਿਲਮ ਹਾਲ ਹੀ ਵਿੱਚ ਅਨਾਊਂਸ ਹੋਈ ਹੈ। ਸੁਣਨ ਵਿੱਚ ਆਇਆ ਹੈ ਕਿ ਇਸ ਫਿਲਮ ਦੀ ਸ਼ੂਟਿੰਗ ਨਵੰਬਰ ਤੋਂ ਸ਼ੁਰੂ ਹੋ ਜਾਏਗੀ ਅਤੇ ਵਿੱਕ ਨੇ ਇਸ ਦੇ ਲਈ ਤਿਆਰੀ ਵੀ ਸ਼ੁਰੂ ਕਰ ਦਿੱਤੀ ਹੈ।
ਫਿਲਮ ਨਾਲ ਜੁੜੇ ਇੱਕ ਟ੍ਰੈਂਡ ਪੰਡਿਤ ਦੇ ਅਨੁਸਾਰ ਇਸ ਫਿਲਮ ਵਿੱਚ ਵਿੱਕੀ ਨੂੰ ਆਦਿੱਤਯ ਚੋਪੜਾ ਨੇ ਭਰੋਸਾ ਕਰ ਕੇ ਇੱਕ ਅਜਿਹਾ ਰੋਲ ਦਿੱਤਾ ਹੈ, ਜੋ ਉਸ ਨੇ ਕਦੇ ਵੀ ਨਹੀਂ ਕੀਤਾ ਹੈ ਕਿਉਂਕਿ ਵਿੱਕੀ ਇੱਕ ਟੈਲੇਂਟਿਡ ਐਕਟਰ ਹੈ ਅਤੇ ਇਸ ਕਿਰਦਾਰ ਵਿੱਚ ਵਿੱਕੀ ਦਾ ਇੱਕ ਅਲੱਗ ਅਕਸ ਹੈ ਅਤੇ ਐਕਟਿੰਗ ਸਕਿਲ ਲੋਕਾਂ ਦੇ ਸਾਹਮਣੇ ਆਏਗੀ।

# ਰੋਮਾਂਟਿਕ ਸੀਨ ਵੀ ਸਰੀਰਕ ਦੂਰੀ ਬਣਾ ਕੇ ਸ਼ੂਟ ਹੋਏ : ਆਫਤਾਬ



ਲਾਕਡਾਊਨ ਖਤਮ ਹੋਣ ਦੇ ਬਾਅਦ ਆਫਤਾਬ ਸ਼ਿਵਦਾਸਾਨੀ ਸ਼ੂਟਿੰਗ ਸ਼ੁਰੂ ਕਰਨ ਵਾਲੇ ਅਭਿਨੇਤਾਵਾਂ ਵਿੱਚ ਅੱਗੇ ਰਹੇ। ਮਹਾਰਾਸ਼ਟਰ ਸਰਕਾਰ ਤੋਂ ਮਨਜ਼ੂਰੀ ਮਿਲਣ ਦੇ ਬਾਅਦ ਉਨ੍ਹਾਂ ਨੇ ਆਪਣੀ ਅਗਲੀ ਵੈੱਬ ਸੀਰੀਜ਼ ‘ਪਵਾਇਜ਼ਨ 2’ ਦੀ ਸ਼ੂਟਿੰਗ ਕੀਤੀ। ਬਦਲੇ ਹੋਏ ਮਾਹੌਲ ਵਿੱਚ ਸ਼ੂਟਿੰਗ ਦੇ ਆਪਣੇ ਅਨੁਭਵ ਦੇ ਨਾਲ ਉਨ੍ਹਾਂ ਨੇ ਮੌਜੂਦਾ ਦੌਰ ਵਿੱਚ ਚੱਲ ਰਹੇ ਸਟਾਰਕਿਡਸ ਬਨਾਮ ਬਾਹਰੀ ਕਲਾਕਾਰਾਂ ਦੀ ਬਹਿਸ 'ਤੇ ਵੀ ਆਪਣੇ ਸਾਂਝੇ ਕੀਤੇ। ਪੇਸ਼ ਹਨ ਆਫਤਾਬ ਸ਼ਿਵਦਾਸਾਨੀ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :

* ਨਵੇਂ ਮਾਹੌਲ ਵਿੱਚ ਸ਼ੂਟਿੰਗ ਕਰਨ ਦਾ ਅਨੁਭਵ ਕਿਹੋ ਜਿਹਾ ਰਿਹਾ?

- ਸ਼ੂਟਿੰਗ ਸ਼ੁਰੂ ਕਰਨ ਤੋਂ ਪਹਿਲਾਂ ਨਿਰਮਾਤਾ ਤੇ ਨਿਰਦੇਸ਼ਕ ਨਾਲ ਮਿਲ ਕੇ ਸਾਰਿਆਂ ਨੇ ਸੁਰੱਖਿਆ ਸੰਬੰਧੀ ਸਾਰੇ ਵਿਸ਼ਿਆਂ 'ਤੇ ਚਰਚਾ ਕੀਤੀ। ਉਸ ਦੇ ਬਾਅਦ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਸ਼ੂਟਿੰਗ ਸ਼ੁਰੂ ਕੀਤੀ ਗਈ। ਹੌਲੀ-ਹੌਲੀ ਅਸੀਂ ਸਾਨੂੰ ਕਲਾਕਾਰਾਂ ਨੂੰ ਸਰੀਰਕ ਦੂਰੀ ਰੱਖਦੇ ਹੋਏ ਤੇ ਮਾਸਕ ਪਹਿਨ ਕੇ ਰਿਹਰਸਲ ਕਰਨ ਦੀ ਆਦਤ ਹੋ ਗਈ। ਸੈੱਟ 'ਤੇ ਡਾਇਰੈਕਟਰ ਦੇ ‘ਟੇਕ’ ਬੋਲਣ 'ਤੇ ਅਸੀਂ ਮਾਸਕ ਉਤਾਰਦੇ ਸੀ, ‘ਕਟ’ ਬੋਲਦੇ ਸਾਰ ਅਸੀਂ ਦੋਬਾਰਾ ਮਾਸਕ ਪਹਿਨ ਲੈਂਦੇ ਸੀ। ਮੇਰਾ ਖਾਣਾ ਘਰੋਂ ਹੀ ਆਉਂਦਾ ਸੀ।

* ਸਰੀਰਕ ਦੂਰੀ ਬਣਾਉਂਦੇ ਹੋਏ ਰੋਮਾਂਸ ਅਤੇ ਐਕਸ਼ਨ ਸੀਨ ਨੂੰ ਫਿਲਮਾਉਣਾ ਕਿਵੇਂ ਸੰਭਵ ਹੋਇਆ?

- ਇਸ ਪ੍ਰੋਜੈਕਟ ਦੇ ਸਾਰੇ ਐਕਸ਼ਨ ਤੇ ਰੋਮਾਂਟਿਕ ਸੀਨ ਵਿੱਚ ਸਰੀਰਕ ਦੂਰੀ ਦੇ ਨਿਯਮਾਂ ਨੂੰ ਦੇਖਦੇ ਹੋਏ ਬਦਲਾਅ ਕੀਤਾ ਗਿਆ ਹੈ। ਡਾਇਰੈਕਟਰ ਤੇ ਸਿਨੇਮੈਟੋਗ੍ਰਾਫਰ ਨੇ ਆਪਣੀ ਚਲਾਕੀ ਨਾਲ ਕਲਾਕਾਰਾਂ ਦਰਮਿਆਨ ਸਰੀਰਕ ਦੂਰੀ ਬਣਾਉਂਦੇ ਹੋਏ ਇਨ੍ਹਾਂ ਐਕਸ਼ਨ ਅਤੇ ਰੋਮਾਂਟਿਕ ਦ੍ਰਿਸ਼ਾਂ ਨੂੰ ਸ਼ੂਟ ਕੀਤਾ ਹੈ। ਉਥੇ ਹੀ ਕਲਾਕਾਰਾਂ ਦੇ ਬੇਹੱਦ ਕਰੀਬ ਆਉਣ ਵਾਲੇ ਕੁਝ ਦ੍ਰਿਸ਼ਾਂ ਨੂੰ ਪ੍ਰੋਜੈਕਟ 'ਚੋਂ ਹਟਾ ਦਿੱਤਾ ਗਿਆ ਹੈ।

* ‘ਪਵਾਇਜ਼ਨ 2’ ਵਿੱਚ ਤੁਹਾਡੇ ਕਿਰਦਾਰ ਵਿੱਚ ਕੀ ਨਵਾਂ ਦਿਸੇਗਾ?

- ਇਹ ਐਕਸ਼ਨ ਥ੍ਰਿਲਰ ਵੈਬ ਸੀਰੀਜ਼ ਹੈ। ਇਸ ਦੀ ਕਹਾਣੀ ਬੜੀ ਚਤੁਰਾਈ ਨਾਲ ਲਿਖੀ ਗਈ ਹੈ, ਜਿਸ ਵਿੱਚ ਦਰਸ਼ਕਾਂ ਲਈ ਅਖੀਰ ਤੱਕ ਕਹਾਣੀ ਦੇ ਨਾਇਕ ਅਤੇ ਖਲਨਾਇਕ ਨੂੰ ਪਛਾਣਨਾ ਮੁਸ਼ਕਲ ਹੋਵੇਗਾ। ਢੇਰ ਸਾਰੇ ਉਤਰਾਅ-ਚੜ੍ਹਾਅ ਕਹਾਣੀ ਵਿੱਚ ਰੋਮਾਂਚ ਪੈਦਾ ਕਰਦੇ ਹਨ। ਇਸ ਵਿੱਚ ਮੇਰਾ ਬਹੁਤ ਭਰਮਾਉਣ ਵਾਲਾ ਕਿਰਦਾਰ ਹੈ, ਜਿਸ ਨੂੰ ਸ਼ਬਦਾਂ ਵਿੱਚ ਦੱਸਣਾ ਥੋੜ੍ਹਾ ਮੁਸ਼ਕਲ ਹੈ।

* ਫਿਲਮ ‘ਹੰਗਾਮਾ’ ਵਿੱਚ ਤੁਸੀਂ ਮੁੱਖ ਭੂਮਿਕਾ ਵਿੱਚ ਸੀ। ‘ਹੰਗਾਮਾ 2’ ਵਿੱਚ ਨਾ ਹੋਣ ਦਾ ਮਲਾਲ ਹੈ?

- ਪ੍ਰਿਯਦਰਸ਼ਨ ਜੀ ਨੇ ਕੁਝ ਚੰਗਾ ਸੋਚ ਕੇ ਹੀ ‘ਹੰਗਾਮਾ’ ਵਰਗੀ ਸਫਲ ਫਿਲਮ ਦੀ ਸੀਕਵਲ ਬਣਾਉਣ ਦਾ ਫੈਸਲਾ ਲਿਆ ਹੋਵੇਗਾ। ਮੈਨੂੰ ਯਕੀਨ ਹੈ ਕਿ ਇਸ ਫਿਲਮ ਦੇ ਜ਼ਰੀਏ ਉਹ ਦਰਸ਼ਕਾਂ ਵਿਚਾਲੇ ਇੱਕ ਚੰਗੀ ਅਤੇ ਮਨੋਰੰਜਕ ਕਹਾਣੀ ਪੇਸ਼ ਕਰਨਗੇ। ਜੇ ‘ਹੰਗਾਮਾ 2’ ਦਾ ਪ੍ਰਸਤਾਵ ਮੈਨੂੰ ਮਿਲਿਆ ਹੁੰਦਾ ਤਾਂ ਸਕ੍ਰਿਪਟ ਪਸੰਦ ਆਉਂਦੀ ਤਾਂ ਉਸ ਦਾ ਹਿੱਸਾ ਬਣਨ ਵਿੱਚ ਖੁਸ਼ੀ ਹੁੰਦੀ।

* ਕਰੀਅਰ ਵਿੱਚ ਮਿਲੀ ਅਸਫਲਤਾ ਤੋਂ ਅੱਗੇ ਵਧ ਕੇ ਖੁਦ ਨੂੰ ਕਿਵੇਂ ਨਵੇਂ ਮੁਕਾਮ 'ਤੇ ਖੜ੍ਹਾ ਕੀਤਾ?

- ਮੈਂ ਥੋੜ੍ਹਾ ਅਧਿਆਤਮਕ ਕਿਸਮ ਦਾ ਇਨਸਾਨ ਹਾਂ। ਮੇਰਾ ਮੰਨਣਾ ਹੈ ਕਿ ਜ਼ਿੰਦਗੀ ਵਿੱਚ ਸਾਨੂੰ ਜੋ ਕੁਝ ਵੀ ਮਿਲਦਾ ਹੈ, ਉਸ ਲਈ ਈਸ਼ਵਰ ਦਾ ਧੰਨਵਾਦੀ ਹੋਣਾ ਚਾਹੀਦਾ ਹੈ। ਕਿਸਮਤ ਦਾ ਲਿਖਿਆ ਸਿਰਫ ਚੰਗੀ ਸੋਚ ਅਤੇ ਚੰਗੇ ਕਰਮਾਂ ਨਾਲ ਬਦਲਿਆ ਜਾ ਸਕਦਾ ਹੈ। ਅਸਫਲਤਾ ਮਿਲਣ 'ਤੇ ਡਿਪਰੈਸਡ ਜਾਂ ਨਕਾਰਾਤਮਕਤਾ ਹੋਣਾ ਸੁਭਾਵਿਕ ਹੈ। ਖਾਸ ਤੌਰ 'ਤੇ ਫਿਲਮ ਇੰਡਸਟਰੀ ਵਿੱਚ। ਇਸ ਸਥਿਤੀ ਵਿੱਚ ਆਪਣੇ ਦਿਮਾਗ ਅਤੇ ਅੰਤਰਮਨ ਨੂੰ ਮਜ਼ਬੂਤ ਕਰਨ ਦੀ ਲੋੜ ਹੁੰਦੀ ਹੈ। ਅਸੀਂ ਆਪਣੇ ਆਪ ਨੂੰ ਜਿੰਨਾ ਜ਼ਿਆਦਾ ਮਜ਼ਬੂਤ ਬਣਾਵਾਂਗੇ, ਇਨ੍ਹਾਂ ਚੀਜ਼ਾਂ ਦਾ ਅਸਰ ਓਨਾ ਹੀ ਘੱਟ ਹੋਵੇਗਾ।

* ਇਨ੍ਹੀਂ ਦਿਨੀਂ ਬਾਹਰੀ ਕਲਾਕਾਰ ਤੇ ਸਟਾਰਕਿਡਸ 'ਤੇ ਕਾਫੀ ਬਹਿਸ ਹੋ ਰਹੀ ਹੈ, ਇਸ 'ਤੇ ਤੁਹਾਡਾ ਕੀ ਨਜ਼ਰੀਆ ਹੈ?

- ਮੈਨੂੰ ਰਾਮਗੋਪਾਲ ਵਰਮਾ ਦੀ ਫਿਲਮ ‘ਮਸਤ’ ਦੇ ਵੱਡੇ ਸੈਟਅਪ ਤੇ ਲਾਂਚ ਕੀਤਾ ਗਿਆ ਸੀ। ਇਸ ਲਈ ਮੈਨੂੰ ਜ਼ਿਆਦਾ ਕਠਿਨਾਈਆਂ ਦਾ ਸਾਹਮਣਾ ਨਹੀਂ ਕਰਨਾ ਪਿਆ। ਉਂਜ ਸਟਾਰਕਿਡਸ ਦੀ ਤੁਲਨਾ ਵਿੱਚ ਇੱਕ ਬਾਹਰੀ ਕਲਾਕਾਰ ਹਮੇਸ਼ਾ ਬਾਹਰੀ ਹੀ ਰਹਿੰਦਾ ਹੈ, ਪਰ ਮੌਕਾ ਮਿਲਣ ਦੇ ਬਾਅਦ ਸਟਾਰਕਿਡਸ ਤੇ ਬਾਹਰੀ ਕਲਾਕਾਰ ਨਾਲ ਕੋਈ ਫਰਕ ਨਹੀਂ ਪੈਂਦਾ। ਜੇ ਕੰਮ ਚੰਗਾ ਰਿਹਾ ਤਾਂ ਤੁਹਾਡੇ ਪ੍ਰਸ਼ੰਸਕ ਆਪਣੇ ਆਪ ਵਧਦੇ ਜਾਣਗੇ। ਕੁੱਲ ਮਿਲਾ ਕੇ ਇਨ੍ਹਾਂ ਸਭ ਚੀਜ਼ਾਂ 'ਤੇ ਜ਼ਿਆਦਾ ਧਿਆਨ ਨਾ ਦਿੰਦੇ ਹੋਏ ਸਾਨੂੰ ਆਪਣਾ ਕੰਮ ਪੂਰੀ ਮਿਹਨਤ ਅਤੇ ਲਗਨ ਨਾਲ ਕਰਨਾ ਚਾਹੀਦਾ ਹੈ।

